Ministry of Children and Family Development

BRITISH COLUMBIA

# ਮਾਪਿਆਂ ਲਈ ਹੈਂਡਬੁਕ:
# ਤੁਹਾਡੇ ਲਈ ਔਟਿਜ਼ਮ ਪ੍ਰੋਗਰਾਮਾਂ ਦੀ ਗਾਈਡ



August 2015
Punjabi

© 2015 The Province of British Columbia.
All rights reserved.

# ਵਿਸ਼ਾ-ਸੂਚੀ


**ਜਾਣ-ਪਛਾਣ** **1**

ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੇਵਾਵਾਂ ਅਤੇ ਸਹਿਯੋਗ 1

ਔਟਿਜ਼ਮ ਸਪੈਕਟਰਮ ਡਿਸਆਡਰ ਕੀ ਹੈ? 2

ਔਟਿਜ਼ਮ ਸਪੈਕਟਰਮ ਡਿਸਆਡਰ ਦੇ ਮੁੱਢਲੇ ਲੱਛਣ 3

ਕੀ ਕਰਨਾ ਚਾਹੀਦਾ ਹੈ ਜੇ ਤੁਸੀ ਸੋਚੋ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਹੋ ਸਕਦਾ ਹੈ? 4

ਔਟਿਜ਼ਮ ਸਪੈਕਟਰਮ ਡਿਸਆਡਰ ਕਿਉਂ ਹੁੰਦਾ ਹੈ? 5

ਇਸਦਾ ਕੀ ਇਲਾਜ ਹੈ? 5

**ਅਸੈਸਮੈਂਟ ਅਤੇ ਡਾਇਗਨੌਸਿਸ (ਜਾਇਜ਼ਾ ਅਤੇ ਪਛਾਣ)** **6**

ਬ੍ਰਿਟਿਸ਼ ਕੋਲੰਬੀਆਂ ਔਟਿਜ਼ਮ ਅਸੈਸਮੈਂਟ ਨੈਟਵਰਕ (BCAAN) 6

NON-BCAAN (ਪ੍ਰਾਈਵੇਟ) ਅਸੈਸਮੈਂਟ ਅਤੇ ਡਾਇਗਨੌਸਿਸ 6

ਹੋਰ ਸੂਬੇ ਤੋ ਬੀ. ਸੀ. ਵਿਚ ਆਉਣਾ 6

ਹੋਰ ਦੇਸ਼ ਵਿਚੋਂ ਬੀ. ਸੀ. ਵਿਚ ਆਉਣਾ 6

ਮੇਰੇ ਬੱਚੇ ਨੂੰ ਔਟਿਜ਼ਮ ਸਪੈਕਟਰਮ ਡਿਸਆਡਰ ਹੈ, ਮੈਂ ਕੀ ਕਰਾਂ? 8

ਔਟਿਜ਼ਮ ਪ੍ਰੋਗਰਾਮਾਂ ਲਈ ਅਰਜ਼ੀ ਭਰਣੀ 8

ਬਿਲ ਭੁਗਤਾਨ ਨਾਲ ਔਟਿਜ਼ਮ ਫੰਡਿੰਗ ਲੈਣੀ 9

ਔਟਿਜ਼ਮ ਫੰਡਿੰਗ: 6 ਸਾਲ ਤੋਂ ਹੇਠਾਂ 10

ਆਪਣੇ 6 ਸਾਲ ਤੋਂ ਘੱਟ ਬੱਚੇ ਲਈ ਔਟਿਜ਼ਮ ਦਾਖਲੇ ਲਈ ਪ੍ਰੋਗਰਾਮ ਬਣਾਉਣ 13

ਔਟਿਜ਼ਮ ਫੰਡਿੰਗ: ਉੱਮਰ 6 - 18 14

ਔਟਿਜ਼ਮ ਪ੍ਰੋਗਰਾਮਾ ਤਕ ਪਹੁੰਚ 16

**ਫੰਡਿੰਗ ਲੈਣ ਦੇ ਢੰਗ (ਚੋਣਾਂ)** **17**

ਬਿਲ ਦੇ ਕੇ 17

ਸਿੱਧਾ ਭੁਗਤਾਨ (12 ਸਾਲ ਅਤੇ ਵੱਡੇ ਬੱਚਿਆਂ ਲਈ) 17

ਸਿੱਧੇ ਭੁਗਤਾਨ ਲਈ ਯੋਗਤਾ 18

ਯੋਗ ਭੈਣ-ਭਰਾ ਉੱਮਰ 6-12 18

**ਔਟਿਜ਼ਮ ਫੰਡਿੰਗ ਪ੍ਰੋਗਰਾਮ ਅਤੇ ਮਾਪਿਆਂ ਦੀਆਂ ਜ਼ਿੰਮੇਵਾਰਿਆਂ** **19**

**ਪਾਲਣ ਵਾਲੇ (ਫਾਸਟਰ) ਮਾਪੇ ਅਤੇ ਦੇਖ-ਰੇਖ ਵਿਚ ਬੱਚੇ** **20**

**ਸ਼ਿਕਾਇਤਾਂ ਦੀ ਅਪੀਲ** **20**

**ਗੁਪਤਤਾ ਅਤੇ ਤੁਹਾਡੀ ਗੋਪਨੀਯਤਾ** **20**

**ਮਾਪਿਆਂ ਲਈ ਨੁੱਸਖੇ** **21**

ਮੈਨੂੰ ਕਿਵੇਂ ਪਤਾ ਲਗੇਗਾ ਕਿ ਮੇਰੇ ਬੱਚੇ ਨੂੰ ਵਧਿਆ ਮਿਆਰ ਦਾ ਦਖਲ ਇਲਾਜ ਮਿਲ ਰਿਹਾ ਹੈ? 23

ਬਿਹੇਵੀਅਰ ਪਲੈਨ ਆਫ ਇੰਟਰਵੇਨਸ਼ਨ (ਵਤੀਰੇ ਦੀ ਦਖਲ ਯੋਜਨਾ) (BPI) ਕੀ ਹੈ? 25

**ਸਾਨੂੰ ਸੰਪਰਕ ਕਰੋ** **26**

ਅੰਤਿਕਾ 1: ਬੀ. ਸੀ. ਸਰਵਿਸਿਜ਼ ਅਤੇ ਔਟਿਜ਼ਮ ਸੰਸਥਾਂਵਾਂ 27

ਅੰਤਿਕਾ 2: ਬਿਹੇਵਿਅਰ ਪਲੈਨ ਆਫ ਇੰਟਰਵੈਨਸ਼ਨ 28

ਅੰਤਿਕਾ 3: ਔਟਿਜ਼ਮ ਫੰਡਿੰਗ – ਯੋਗ ਖਰਚਿਆਂ ਦਾ ਸੰਖੇਪ 30

ਅੰਤਿਕਾ 4: ਔਟਿਜ਼ਮ ਫੰਡਿੰਗ – ਅਯੋਗ ਖਰਚਿਆਂ ਦਾ ਸੰਖੇਪ 31

ਅੰਤਿਕਾ 5: ਸਿੱਧੇ ਭੁਗਤਾਨ ਰਾਹੀਂ ਫੰਡਿੰਗ ਲੈਣ ਲਈ ਕਦਮ ਚੁਕਣੇ 32

**ਸੇਵਾ ਪ੍ਰਦਾਨ ਕਰਤਾ ਲਈ ਜਾਣਕਾਰੀ** **35**

ਬਿਲ ਭੇਜਣੇ ਅਤੇ ਭੁਗਤਾਨ 37

**ਆਮ ਵਰਤੇ ਜਾਂਦੇ ਪਹਿਲੇ ਅੱਖਰ**

**ASD:** ***ਔਟਿਜ਼ਮ ਸਪੈਕਟਰਮ ਡਿਸਆਡਰ***
**MCFD:** ***ਬਾਲ ਅਤੇ ਪਰਿਵਾਰ ਵਿਕਾਸ ਮੰਤਰਾਲੇ ਜਾਂ ਮੰਤਰਾਲੇ***

## ਜਾਣ-ਪਛਾਣ

ਇਹ ਉਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਦੇ ਮਾਪਿਆਂ ਅਤੇ ਦੇਖ-ਭਾਲ ਕਰਤਾਵਾਂ ਲਈ ਹੈ ਜਿਨ੍ਹਾਂ ਨੂੰ ਜਾਂ ਤਾਂ ਔਟਿਜ਼ਮ ਸਪੈਕਟਰਮ ਡਿਸਆਡਰ (ASD) ਹੈ ਜਾਂ ਉਸ ਦਾ ਮੁਆਇਣਾ ਹੋਇਆ ਹੈ। ਇਸ ਵਿਚ ASD ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਅਤੇ ਉਨ੍ਹਾਂ ਦੇ ਮਾਪਿਆਂ ਲਈ, ASD ਬਾਰੇ ਉੱਪਲਬਧ ਦਖਲ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਹੈ।

ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡੀਵੈਲਪਮੈਂਟ (MCFD), ਐਜੁਕੇਸ਼ਨ ਅਤੇ ਹੈਲਥ ASD ਵਾਲੇ ਬਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਨੇੜੇ ਹੋ ਕੇ ਮੁਲਾਂਕਣ, ਮੁਆਇਨਾ, ਦਖਲ ਅਤੇ ਮਦਦਗਾਰ ਸੇਵਾਵਾਂ ਦਾ ਤਾਲਮੇਲ ਕਰਦੀਆਂ ਹਨ।

### *ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਸੇਵਾਵਾਂ ਅਤੇ ਸਹਾਇਤਾ*

10-15 ਸਫੇ ਤੇ ਦਸੇ ਔਟਿਜ਼ਮ ਪ੍ਰੋਗਰਾਮਾਂ ਤੋਂ ਇਲਾਵਾ MCFD ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਹੋਰ ਵੀ ਵੱਖ-ਵੱਖ ਪ੍ਰੋਗਰਾਮ ਮੁਹੱਈਆ ਕਰਵਾਂਦੀ ਹੈ। ਇਨ੍ਹਾਂ ਵਿਚ ਸ਼ਾਮਿਲ ਹਨ:

- ਐਬਓਰਿਜਨਲ ਬਾਲ ਵਿਕਾਸ ਪ੍ਰੋਗਰਾਮ
- ਐਬਓਰਿਜਨਲ ਦੇ ਸਹਿਯੋਗ ਨਾਲ ਬੱਚਾ ਵਿਕਾਸ ਪ੍ਰੋਗਰਾਮ
- ਘਰ ਵਿਚ ਪ੍ਰੋਗਰਾਮ (ਡਾਕਟਰੀ ਰਾਹਤ)
- ਕਮਿਉਨਿਟੀ ਦਿਮਾਗੀ ਸੱਟ ਦਾ ਪ੍ਰੋਗਰਾਮ
- ਸ਼ੁਰੂ ਵਿਚ ਦਖਲ ਥੈਰਪੀਆਂ
- ਬਾਲ ਵਿਕਾਸ ਪ੍ਰੋਗਰਾਮ
- ਮੁੱਖ ਵਰਕਰ ਅਤੇ ਮਾਪੇ ਦਾ ਸਹਿਯੋਗ
- ਨਰਸਿੰਗ ਸਪੋਰਟ ਸੇਵਾਵਾਂ
- ਸੂਬਾਈ ਪਹੁੰਚ (ਆਉਟਰੀਚ) ਅਤੇ ਪੇਸ਼ਾਵਰ ਸਹਿਯੋਗ
- ਬੋਲੇ ਅਤੇ ਘੱਟ ਸੁਨਣ ਵਾਲਿਆਂ ਲਈ ਸੂਬਾਈ ਸੇਵਾਵਾਂ
- ਸਕੂਲ ਜਾਣ ਵਾਲੇ ਬੱਚਿਆਂ ਲਈ ਥੈਰਪੀਆਂ
- ਬੱਚਿਆਂ ਦੇ ਵਿਕਾਸ ਲਈ ਸਹਿਯੋਗ

ਪ੍ਰੋਗਰਾਮਾਂ ਦੀ ਯੋਗਤਾ ਬਾਰੇ ਹੋਰ ਜਾਣਕਾਰੀ ਲਈ ਦੇਖੋ ***ਵੈਬਲਿੰਕਸ***



### *ਵੈਬਲਿੰਕਸ*

MCFD Special Needs Services Website.
*www.mcf.gov.bc.ca/spec_needs/*

## ***ਔਟਿਜ਼ਮ ਸਪੈਕਟਰਮ ਡਿਸਆਡਰ ਕੀ ਹੈ?***

ਔਟਿਜ਼ਮ ਸਪੈਕਟਰਮ ਡਿਸਆਡਰ ਇਕ ਪੇਚੀਦਾ ਨਿਊਰੌਲੌਜਿਕਲ (ਦਿਮਾਗੀ ਪ੍ਰਣਾਲੀ ਦੇ ਸੈਲਾਂ ਦੀ) ਹਾਲਤ ਹੈ ਜਿਹੜੀ ਕਿ ਦਿਮਾਗ ਦੇ ਵਿਕਾਸ, ਮਨੁੱਖ ਦੇ ਸਮਾਜੀ ਰਿਸ਼ਤਿਆਂ, ਗਲਬਾਤ ਕਰਨ, ਦਿਲਚਸਪੀਆਂ ਅਤੇ ਵਰਤਾਉ ਉੱਤੇ ਅਸਰ ਕਰਦੀ ਹੈ। ਇਸਦੇ ਲੱਛਣ ਅਤੇ ਵਿਸ਼ੇਸ਼ਤਾਵਾਂ ਵਧੇਰੇ ਕਿਸਮਾਂ ਦੇ ਮੇਲ ਵਿਚ ਹੁੰਦੀਆਂ ਹਨ; ਅਤੇ ਇਹ ਮਨੁੱਖ ਵਿਚ ਕਿਸੇ ਵੀ ਵਤੀਰੇ ਦੇ ਮੇਲ ਵਿਚ, ਕਿਸੇ ਵੀ ਗੰਭੀਰਤਾ ਦੀ ਹਦ ਤਕ ਪਾਈਆਂ ਜਾ ਸਕਦੀਆਂ ਹਨ। ਖੋਜਾਂ ਤੋਂ ਪਤਾ ਲਗਦਾ ਹੈ ਕਿ ASD 68 ਬੱਚਿਆਂ ਵਿਚੋਂ ਇਕ ਤੇ ਅਸਰ ਕਰਦੀ ਹੈ। ASD ਆਮ ਤੌਰ ਤੇ ਜੀਵਨ ਦੇ ਸ਼ੁਰੂ ਵਿਚ ਹੀ ਦਿਖਣ ਲਗ ਜਾਂਦੀ ਹੈ, ਅਕਸਰ ਤਿੰਨ ਸਾਲ ਦੀ ਉਮਰ ਤੋਂ ਪਹਿਲਾਂ, ਅਤੇ ਮੁੰਡਿਆਂ ਵਿਚ ਕੁੜੀਆਂ ਨਾਲੋਂ ਚਾਰ ਤੋਂ ਪੰਜ ਗੁਣਾ ਜ਼ਿਆਦਾ।

ASD ਵਾਲੇ ਮਨੁਖਾਂ ਨੂੰ ਆਪਸੀ ਗਲਬਾਤ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਆਪਸੀ ਗਲਬਾਤ ਦੀਆਂ ਮੁਸ਼ਕਲਾਂ ਹਨ, ਗਲ ਨਾ ਕਰਣਾ, ਗਲਬਾਤ ਦੌਰਾਨ ਗੈਰਵਾਜਬ ਜਵਾਬ ਦੇਣਾ, ਬਿਨ ਬੋਲੇ ਇਸ਼ਾਰੇ ਨਾ ਸਮਝਣਾ ਜਾਂ ਆਪਣੀ ਉੱਮਰ ਮੁਤਾਬਿਕ ਦੋਸਤੀ ਕਰਨ ਵਿਚ ਮੁਸ਼ਕਲ ਆਉਣੀ। ਇਸ ਤੋਂ ਇਲਾਵਾ, ASD ਵਾਲੇ ਮਨੁੱਖ ਆਪਣੀ ਰੁਟੀਨ ਤੇ ਲੋੜ ਤੋਂ ਜ਼ਿਆਦਾ ਨਿਰਭਰ ਕਰਨ, ਆਪਣੇ ਆਲੇ-ਦੁਆਲੇ ਵਿਚ ਤਬਦੀਲੀ ਤੋਂ ਬਹੁਤ ਸੰਵੇਦਨਸ਼ੀਲ ਹੋਣ, ਜਾਂ ਗੈਰ ਵਾਜਬ ਗਲਾਂ ਤੇ ਬਹੁਤ ਜ਼ਿਆਦਾ ਧਿਆਨ ਦੇਣ ਲਗ ਜਾਂਦੇ ਜਨ। ASD ਦੇ ਲਛਣ ਅਤੇ ਵਿਸ਼ੇਸ਼ਤਾਵਾਂ ਕਈ *ਮੇਲਾਂ ਅਤੇ ਕਿਸਮਾਂ ਵਿਚ ਘੱਟ ਤੋਂ ਵੱਧ ਡਿਗਰੀ ਵਿਚ ਹੋ ਸਕਦੀਆਂ ਹਨ। ਇਸ ਕਰਕੇ ASD ਦੀ ਕੋਈ ਸਟੈਂਡਰਡ ਟਾਈਪ ਨਹੀਂ ਹੈ, ਨਾ ਹੀ ਕੋਈ ਖਾਸ ਮਨੁੱਖ ਹੈ।

ਮਾਪੇ ASD ਵਾਲੇ ਬੱਚਿਆਂ ਬਾਰੇ ਵੱਖ-ਵੱਖ ਸ਼ਬਦਾਵਲੀ ਸੁਣ ਸਕਦੇ ਹਨ, ਜਿਵੇਂ ਕਿ ਔਟਿਸਟਿਕ ਡਿਸਆਡਰ, ਅਸਪੈਰਜਰ ਡਿਸਆਡਰ, ਪਰਵੇਸਿਵ ਡੀਵੈਲਪਮੈਂਟ ਡਿਸਆਡਰ-ਵੈਸੇ ਇਹ (PDD-NOS) ਵੀ ਹੈ, ਚਾਈਲਡਹੁਡ ਡਿਸਇੰਟਗਰੇਟਿਵ ਡਿਸਆਡਰ (CDD), ਔਟਿਸਟਿਕ ਵਰਗੇ, ਔਟਿਸਟਿਕ ਰੁੱਝਾਨ, ਔਟਿਜ਼ਮ ਸਪੈਕਟਰਮ, ਵੱਧ ਜਾਂ ਘੱਟ ਔਟਿਜ਼ਮ। ਇਸ ਸ਼ਬਦਾਵਲੀ ਦਾ ਜ਼ਰੂਰੀ ਨਹੀਂ ਕਿ ਬੱਚੇ ਦੀਆਂ ਕਾਬਲਿਅਤਾਂ ਜਾਂ ਲੋੜਾਂ ਨਾਲ ਕੋਈ ਤਲਕ ਹੋਵੇ। ਇਹ ਸਮਝਣਾ ਜ਼ਿਆਦਾ ਅਹਿਮ ਹੈ ਕਿ ਬੱਚੇ ਦੀਆਂ ਕਾਬਲਿਅਤਾਂ ਜਾਂ ਲੋੜਾਂ ਅਨੁਸਾਰ ਇਲਾਜ ਅਤੇ ਸਿਖਿਆ ਬੱਚੇ ਦਾ ਪੂਰਾ ਵਿਕਾਸ ਕਰਨ ਵਿਚ ਮਦਦ ਕਰਦੀਆਂ ਹਨ।

### ***ਵੈਬਲਿੰਕਸ***

ਔਟਿਜ਼ਮ ਸੁਸਾਇਟੀ ਆਫ ਕਨੇਡਾ:
*www.autismsocietycanada.ca*

ਔਟਿਜ਼ਮ ਸਪੀਕਸ ਕਨੇਡਾ:
*www.autismspeaks.ca/*

ਯੁਨੀਵਰਸਟੀ ਆਫ ਵਾਸ਼ਿੰਗਟਨ ਔਟਿਜ਼ਮ ਸੈਂਟਰ:
*www.depts.washington.edu/uwautism/resources/autism-resource-dvd.html*



## *ਔਟਿਜ਼ਮ ਸਪੈਕਟਰਮ ਡਿਸਆਡਰ ਦੇ ਮੁਢਲੇ ਲੱਛਣ:*

ਜੇ ਤੁਸੀ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਸਪੈਕਟਰਮ ਡਿਸਆਡਰ ASD ਹੈ, ਤਾਂ ਕ੍ਰਿਪਾ ਕਰਕੇ ASD ਦੇ ਸੰਭਾਵਿਤ ਲੱਛਣਾਂ ਦੀ ਲਿਸਟ ਪੜੋ, ਜ਼ਰੂਰੀ ਨਹੀਂ ਕਿ ਤੁਹਾਡੇ ਬੱਚੇ ਵਿਚ ਸਾਰੇ ਲਛਣ ਦਿੱਸਣ ਤਾਂ ਹੀ ਉਸਦਾ ਮੁਆਇਨਾ ਕਰਵਾਇਆ ਜਾਏ। ਕ੍ਰਿਪਾ ਕਰਕੇ ਨੋਟ ਕਰੋ ਕਿ ਇਹ ਵਿਸ਼ੇਸ਼ਤਾਵਾਂ ਕਿਸੇ ਹੋਰ ਦਸ਼ਾ ਬਾਰੇ ਵੀ ਹੋ ਸਕਦੀਆਂ ਹਨ।

ASD ਦੇ ਸੰਭਾਵਿਤ ਮੁਢਲੇ ਲੱਛਣ (ਫਸਟ ਸਾਈਨਜ਼* ਅਤੇ ਔਟਿਜ਼ਮ ਸਪੀਕਸ ਵਿਚੋਂ ਲਏ ਗਏ ਹਨ**):

- ਸਮਾਜਿਕ ਗਲਬਾਤ ਵਿਚ ਰੁਕਾਵਟ
  - ਸਹੀ ਤਰੀਕੇ ਨਾਲ ਨਾ ਦੇਖਣਾ
  - ਛੇ ਮਹੀਨੇ ਵਿਚ ਜਾਂ ਬਾਅਦ ਵਿਚ ਖੁੱਲ ਕੇ ਨਾ ਮੁਸਕਰਾਉਣਾ ਜਾਂ ਗਰਮਜੋਸ਼ੀ ਨਾਲ ਖੁਸ਼ੀ ਨਾ ਜਾਹਿਰ ਕਰ ਸਕਨਾ
  - ਖੁਸ਼ੀ ਜਾਂ ਦਿਲਚਸਪੀ ਨੂੰ ਸਾਂਝਾ ਨਾ ਕਰ ਸਕਣਾ
  - ਉਸਦਾ ਨਾਮ ਲੈਣ ਤੇ ਜਵਾਬ ਨਾ ਦੇਣਾ
- ਗਲਬਾਤ ਕਰਨ ਵਿਚ ਰੁਕਾਵਟ
  - ਨੌਂ ਮਹੀਨੇ ਤਕ ਅਵਾਜ਼, ਮੁਸਕਰਾਹਟ ਜਾਂ ਚੇਹਰੇ ਦੇ ਹਾਵ-ਭਾਵਾਂ ਦਾ ਅਦਾਨ-ਪ੍ਰਦਾਨ ਨਾ ਕਰ ਸਕਣਾ
  - 12 ਮਹੀਨੇ ਵਿਚ ਇਸ਼ਾਰੇ, ਜਿਵੇਂ ਕਿ ਦਿਖਾਉਣਾ, ਅਗੇ ਵਧਣਾ ਜਾਂ ਹੱਥ ਨਾ ਹਿਲਾ ਸਕਣਾ
  - ਬਿਨ ਬੋਲੇ ਸਮਝਾ ਨ ਸਕਣਾ
  - 12 ਮਹੀਨਿਆਂ ਵਿਚ ਬੜ-ਬੜ ਨਾਂ ਕਰ ਸਕਣਾ
  - ਅਜੀਬ ਅਵਾਜ਼ਾਂ ਕਢਣਾ (ਉੱਚੀ-ਨੀਵੀਂ, ਬਿਨਾਂ ਘੱਟ-ਵੱਧ ਕੀਤੀਆਂ ਜਾਂ ਕਿਸੇ ਤਾਲਮੇਲ ਤੋਂ ਅਜੀਬ ਅਵਾਜ਼)
- ਬਾਰ-ਬਾਰ ਇਕੋ ਜਿਹਾ ਵਤੀਰਾ ਰੱਖਣਾ ਅਤੇ ਘੱਟ ਗਲਾਂ ਵਿਚ ਦਿਲਚਸਪੀ ਲੈਣਾ
  - ਚੀਜ਼ਾਂ ਨੂੰ ਬਾਰ-ਬਾਰ ਇਕੋ ਢੰਗ ਨਾਲ ਹਿਲਾਉਣਾ
  - ਬਾਰ-ਬਾਰ ਜਿਸਮ, ਬਾਹਾਂ, ਹਥਾਂ ਜਾਂ ਉਗਲੀਆਂ ਨੂੰ ਇਕੋ ਢੰਗ ਨਾਲ ਹਿਲਾਉਣਾ

* ਫਰਸਟ ਸਾਈਨ ਇੰਕ ਇਕ ਨਾਨ-ਪਰੌਫਿਟ ਸੰਸਥਾ ਹੈ ਜੋ ਮਾਪਿਆਂ ਅਤੇ ਬੱਚਿਆਂ ਦੇ ਮਾਹਿਰਾਂ ਨੂੰ ਔਟਿਜ਼ਮ ਅਤੇ ਵਿਕਾਸ ਨਾਲ ਸੰਬਧਤ ਹੋਰ ਵਿਕਾਰਾਂ ਬਾਰੇ ਸਿਖਲਾਈ ਦੇਣ ਲਈ ਵਚਨਬੱਧ ਹੈ।

** ਔਟਿਜ਼ਮ ਸਪੀਕਸ ਇਕ ਨਾਨ-ਪਰੌਫਿਟ ਔਟਿਜ਼ਮ ਸਾਇੰਸ ਅਤੇ ਵਕਾਲਤ ਦੀ ਸੰਸਥਾ ਹੈ ਜੋ ਕਿ ਔਟਿਜ਼ਮ ਦੇ ਕਾਰਨ, ਰੋਕਥਾਮ ਅਤੇ ਇਲਾਜ ਦੀ ਖੋਜ ਲਈ ਫੰਡਿੰਗ ਦੇਂਦੀ ਹੈ ਉਤੇ ਔਟਿਜ਼ਮ ਸਪੈਕਟਰਮ ਡਿਸਆਡਰ ਬਾਰੇ ਜਾਗਰੂਕਤਾ ਵਧਾਉਂਦੀ ਹੈ ਅਤੇ ਔਟਿਜ਼ਮ ਵਾਲਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਨਿੱਜੀ ਲੋੜਾਂ ਦੀ ਵਕਾਲਤ ਕਰਦੀ ਹੈ।

ਫਰਸਟ ਸਾਈਨ ਅਤੇ ਫਰਸਟ ਵਰਡ ਪ੍ਰੌਜਕਟ ਨੇ ਇਕ ਵੀਡੀਉ ਸ਼ਬਦਾਵਲੀ ਬਣਾਈ ਹੈ, ਪਰਿਵਾਰਾਂ ਅਤੇ ਮਾਹਿਰਾਂ ਲਈ ਤਾ ਕਿ ਉਹ ASD ਦੇ ਮੁਢਲੇ ਲੱਛਣਾਂ ਬਾਰੇ ਹੋਰ ਸਿੱਖ ਸਕਣ। ਇਹ ਸੁਝਾਅ ਦਿਤਾ ਜਾਂਦਾ ਹੈ ਕਿ ਵੀਡੀਉ ਸ਼ਬਦਾਵਲੀ ਵਰਤਣ ਵਾਲੇ ਪਹਿਲਾਂ ਜਾਣ-ਪਛਾਣ ਅਤੇ ਭਾਗਾਂ ਨੂੰ ਕਿਵੇਂ ਵਰਤਣਾ ਹੈ ਬਾਰੇ ਪੜਨ, ਲੌਗ ਇਨ ਕਰਨ ਤੋਂ ਪਹਿਲਾਂ।

*http://www.firstsigns.org/asd_video_glossary/asdvg_about.htm*

ਇਕ ਸਕਰੀਨਿੰਗ ਟੂਲ ਜਿਸ ਨੂੰ M-CHAT (ਛੋਟੇ ਬੱਚਿਆਂ ਵਿਚ ਔਟਿਜ਼ਮ ਬਾਰੇ ਸੋਧ ਕੀਤੀ ਚੈਕਲਿਸਟ) ਕਹਿੰਦੇ ਹਨ, ਜਿਸ ਦੀ ਮਦਦ ਨਾਲ ਮਾਹਿਰ ਬੱਚੇ ਦੀ ਪਹਿਚਾਣ ਕਰ ਸਕਦੇ ਹਨ। ਇਹ ਸੁਖਾਲੀ ਆਨਲਾਈਨ ਔਟਿਜ਼ਮ ਸਕਰੀਨ M-CHAT.org/, ਤੇ ਉਪਲਬੱਧ ਹੈ, ਸਿਰਫ ਕੁਝ ਮਿੰਟ ਲਗਦੇ ਹਨ। ਜੇ ਜਵਾਬ ਤੋਂ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਦਾ ਖ਼ਤਰਾ ਲਗਦਾ ਹੈ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਡਾਕਟਰ ਨਾਲ ਮਸ਼ਵਰਾ ਕਰੋ। ਇਸੇ ਤਰ੍ਹਾਂ, ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਹੋਰ ਫਿਕਰ ਹੈ ਤਾਂ ਉਡੀਕ ਨਾ ਕਰੋ। ਆਪਣੇ ਡਾਕਟਰ ਨਾਲ ਬੱਚੇ ਦੀ ਸਕਰੀਨਿੰਗ ਬਾਰੇ ਹੁਣੇ ਗਲ ਕਰੋ।

***ਜੇ ਤੁਹਾਡੇ ਬੱਚੇ ਵਿਚ ਇਹ ਦੋ ਜਾਂ ਤਿੰਨ ਲੱਛਣ ਹਨ ਤਾਂ ਕ੍ਰਿਪਾ ਕਰਕੇ ਆਪਣੇ ਬੱਚੇ ਦੀ ਸਿਹਤ ਸੰਭਾਲ ਵਾਲਿਆਂ ਨੂੰ ਕਹਿ ਕੇ ਉਸਦੇ ਮੁਆਇਨੇ ਦਾ ਹਵਾਲਾ ਲਉ।***

### *ਵੈਬਲਿੰਕਸ*

ACT – ਔਟਿਜ਼ਮ ਕਮਿਉਨਿਟੀ ਟ੍ਰੇਨਿੰਗ:
*www.actcommunity.ca*

ਬ੍ਰਿਟਿਸ਼ ਕੋਲੰਬੀਆ ਐਸੋਸਿਏਸ਼ਨ ਫਾਰ ਚਾਈਲਡ ਡਿਵੈਲਪਮੈਂਟ ਐਂਡ ਇੰਟਰਵੈਂਸ਼ਨ:
*www.bcacdi.org*

ਫਰਸਟ ਸਾਈਨ: *www.firstsigns.org*

ਔਟਿਜ਼ਮ ਸਪੀਕਸ ਕਨੇਡਾ:
*www.autismspeaks.ca*

ਚਿਲਡਰਨ ਐਂਡ ਯੂਥ ਵਿਦ ਸਪੈਸ਼ਲ ਨੀਡਜ਼ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ:
*www.mcf.gov.bc.ca/spec_needs/index.htm*

## ਜੇ ਤੁਸੀ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਹੋ ਸਕਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ?

*ਔਟਿਜ਼ਮ ਸਪੈਕਟਰਮ ਡਿਸਆਡਰ ਦੇ ਲੱਛਣਾਂ ਤੇ ਗੌਰ ਕਰੋ ਸਫਾ 3*

↓

*ਆਪਣੇ ਬੱਚੇ ਦੇ ਡਾਕਟਰ ਨਾਲ ਅਪਾਇੰਟਮੈਂਟ ਬਨਾ ਕੇ ਆਪਣੀ ਚਿੰਤਾ ਬਾਰੇ ਗਲ ਕਰੋ*

→ *ਜੇ ਕਰ ਡਾਕਟਰ ਇਸ ਦੇ ਜਾਇਜ਼ੇ ਲਈ ਹਵਾਲਾ ਨਹੀ ਦੇਂਦਾ/ਦੇਂਦੀ* →

↓

*ਡਾਕਟਰ ਬ੍ਰਿਟਿਸ਼ ਕੋਲੰਬੀਆ ਔਟਿਜ਼ਮ ਅਸੈਸਮੈਂਟ ਨੈਟਵਰਕ (BCAAN) ਲਈ ਹਵਾਲਾ ਦੇਂਦਾ/ਦੇਂਦੀ ਹੈ.*

↓

*ਜਾਇਜ਼ਾ ਲੈਣਾ*

→ *ਜੇ ਬੱਚੇ ਦਾ ASD ਮੁਆਇਣਾ ਨਹੀਂ ਹੁੰਦਾ* →

*ਬੱਚੇ ਦੇ ਵਿਕਾਸ ਤੇ ਨਜ਼ਰ ਰੱਖੋ। ਜੇ ਤੁਸੀ ਅਜੇ ਵੀ ਫਿਕਰਮੰਦ ਹੋ ਤਾਂ ਆਪਣੇ ਬੱਚੇ ਦੇ ਡਾਕਟਰ ਨੂੰ ਦਸੋ।*

*ਲੋਕਲ ਚਾਈਲਡ ਡਿਵੈਲਪਮੈਂਟ ਸੈਂਟਰ ਜਾਣਕਾਰੀ ਅਤੇ ਸਹਾਇਤਾ ਦਾ ਇਕ ਹੋਰ ਸਾਧਨ ਹੈ।*

↓

*ਬੱਚੇ ਦਾ ASD ਦਾ ਮੁਆਇਣਾ ਹੁੰਦਾ ਹੈ*

↓

*ਆਪਣੇ ਲੋਕਲ MCFD ਦਫਤਰ ਨਾਲ ਔਟਿਜ਼ਮ ਦੇ ਪ੍ਰੋਗਰਾਮਾਂ ਲਈ ਸੰਪਰਕ ਕਰੋ।*

### ਵੈਬਲਿੰਕਸ

ਹੋਰ ਜਾਣਕਾਰੀ ਲਈ ਤੁਸੀ ਸੰਪਰਕ ਕਰ ਸਕਦੇ ਹੋ

BCAAN:
*www.phsa.ca/HealthProfessionals/Autism/Autism-Assessment.htm*

ਲੋਕਲ MCFD ਦਫਤਰ
*www.mcf.gov.bc.ca/sda/contacts.htm*


ACT-ਔਟਿਜ਼ਮ ਕਮਿਊਨਿਟੀ ਟ੍ਰੇਨਿੰਗ:
*www.actcommunity.ca/*

## ਔਟਿਜ਼ਮ ਸਪੈਕਟਰਮ ਡਿਸਆਡਰ ਕਿਉਂ ਹੁੰਦਾ ਹੈ?

ਔਟਿਜ਼ਮ ਦੇ ਕਾਰਣ ਅਜੇ ਵੀ ਅਣਪਛਾਤੇ ਹਨ। ਸਾਨੂੰ ਨਹੀਂ ਪਤਾ ਕਿ ਇਹ ਮਾਪਿਆਂ ਰਾਹੀਂ ਜਾਂ ਬੱਚੇ ਦੇ ਪਾਲਨ-ਪੋਸ਼ਣ ਦੇ ਤਰੀਕੇ ਕਰਕੇ ਨਹੀਂ ਹੁੰਦੇ, ਤੇ ਇਸਦਾ ਸਿਰਫ ਇਕ ਹੀ ਕਾਰਣ ਹੈ ਵੀ ਨਹੀ। ਜਿਨਸੀ ਜਾਂ ਵਾਤਾਵਰਣ ਵਰਗੇ ਸੰਭਾਵਿਤ ਕਾਰਣਾਂ ਬਾਰੇ ਖੋਜ ਹੋ ਰਹੀ ਹੈ।

## ਕੀ ਇਸਦਾ ਇਲਾਜ ਹੈ?

ਇਸ ਦਾ ਕੋਈ ਇਲਾਜ ਨਹੀਂ, ਪਰ ਇਸਦਾ ਬਹੁਤ ਅਸਰਮੰਦ ਇਲਾਜ ਅਤੇ ਦਖਲ ਦੇ ਢੰਗ ਮੌਜੂਦ ਹਨ ਜਿਨ੍ਹਾਂ ਨਾਲ ਮਨੁਖਾਂ ਅਤੇ ਪਰਿਵਾਰਾਂ ਨੂੰ ਇਸ ਦੇ ਲੱਛਣਾ ਦਾ ਇਲਾਜ ਕਰਨ ਵਿਚ ਮਦਦ ਮਿਲਦੀ ਹੈ। ਮੁਢਲੇ ਦਖਲ, ਜੋ ਵਧੀਆ ਅਮਲਾਂ ਤੇ ਅਧਾਰਿਤ ਹਨ, ASD ਵਾਲੇ ਬੱਚਿਆਂ ਨੂੰ ਅਸਰਮੰਦ ਗਲਬਾਤ ਕਰਨ, ਪਰਿਵਾਰਕ ਸਾਂਝ ਰਖਣ ਅਤੇ ਸਕੂਲ ਵਿਚ ਆਨੰਦ ਮਾਨਣ ਵਿਚ ਮਦਦ ਕਰਦੇ ਹਨ। ਵਧੀਆ ਅਮਲਾਂ ਬਾਰੇ ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਸਫਾ 23 ਦੇਖੋ।



### ਵੈਬਲਿੰਕਸ

ਮੌਜੂਦਾ ਖੋਜ ਤੇ ਜਾਣਕਾਰੀ ਲਈ ਨੈਸ਼ਨਲ ਇੰਸਟੀਚੂਯਟ ਆਫ ਮੈਂਟਲ ਹੈਲਥ ਦੇਖੋ:
*http://www.nimh.nih.gov/health/topics/autism-spectrum-disorders-asd/index.shtml*

# ਜਾਂਚ ਅਤੇ ਪਛਾਣ

## *ਬ੍ਰਿਟਿਸ਼ ਕੋਲੰਬੀਆ ਔਟਿਜ਼ਮ ਮੁਲਾਂਕਣ ਨੈਟਵਰਕ (BCAAN)*

ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਫਿਕਰ ਹੈ ਤਾਂ, ਕ੍ਰਿਪਾ ਕਰਕੇ ਆਪਣੇ ਫੈਮਿਲੀ ਡਾਕਟਰ ਕੋਲ ਜਾਉ, ਜੋ ਤੁਹਾਨੂੰ BCAAN ਕੋਲ ਮੁਆਇਣੇ ਵਾਸਤੇ ਵੀ ਭੇਜ ਸਕਦੇ ਹਨ।

BCAAN 19 ਸਾਲ ਤਕ ਦੇ ਬੱਚੇ ਦਾ ਮੁਆਇਣਾ ਕਰਦੇ ਹਨ। ਬੱਚਿਆਂ ਦਾ ਮੁਆਇਣਾ ਕਿਸੇ ਉੱਮਰ ਵਿਚ ਵੀ ਹੋ ਸਕਦਾ ਹੈ, 2 ਸਾਲ ਦੇ ਬੱਚੇ ਦਾ ਵੀ। BCAAN ਵਾਲੇ ਤੁਹਾਡੇ ਘਰ ਦੇ ਜਿਨ੍ਹਾਂ ਨੇੜੇ ਹੋ ਸਕਿਆ ਮੁਆਇਣੇ ਦਾ ਇੰਤਜ਼ਾਮ ਕਰਵਾ ਦੇਣਗੇ। BCAAN ਸੇਵਾਵਾਂ ਦੀ ਕੋਈ ਫੀਸ ਨਹੀਂ।

ਮੁਆਇਣਾ ਖ਼ਤਮ ਹੋਣ ਤੋਂ ਮਗਰੋਂ, ਤੁਹਾਨੂੰ BCAAN ਵਾਲੇ ਇਕ ਕਲੀਨਿਕਲ ਨਤੀਜੇ ਦਾ ਫਾਰਮ ਦੇਣਗੇ। ਇਸ ਫਾਰਮ ਵਿਚ ਟੈਸਟ ਦੇ ਨਤੀਜੇ ਦਾ ਸੰਖੇਪ ਹੋਵੇਗਾ ਜਿਸ ਵਿਚ ਲਿਖਿਆ ਹੋਵੇਗਾ ਕਿ ਤੁਹਾਡੇ ਬੱਚੇ ਨੂੰ ਔਟਿਜ਼ਮ ਸਪੈਕਟਰਮ ਡਿਸਆਡਰ ਹੈ ਕਿ ਨਹੀਂ।

## *Non-BCAAN (ਪ੍ਰਾਈਵੇਟ ) ਮੁਲਾਂਕਣ ਅਤੇ ਪੱਛਾਣ*

ਪਰਿਵਾਰ ਵਾਲੇ Non-BCAAN (ਪ੍ਰਾਈਵੇਟ ) ਮੁਆਇਣਾ ਤੇ ਜਾਇਜ਼ਾ ਕਿਸੇ ਪ੍ਰਾਈਵੇਟ ਡਾਕਟਰ ਕੋਲੋਂ ਵੀ ਕਰਵਾ ਸਕਦੇ ਹਨ। ਮੁਲਾਂਕਣ ਦਾ ਮਿਆਰ BCAAN ਦੇ ਮਿਆਰ ਜਿਨ੍ਹਾ ਹੋਣਾ ਚਾਹੀਦਾ ਹੈ (ਵੇਖੋ ***ਵੈਬਲਿੰਕਸ***).

ਛੇ ਸਾਲ ਦੇ ਬੱਚਿਆਂ ਨੂੰ ਬਹੁ-ਅਨੁਸ਼ਾਸ਼ਨੀ ਮੁਆਇਣੇ ਤੇ ਜਾਇਜ਼ੇ ਦੀ ਲੋੜ ਹੁਦੀ ਹੈ, ਛੇ ਸਾਲ ਤੇ ਇਸ ਤੋਂ ਵਧ ਬੱਚਿਆਂ ਨੂੰ ਡਾਕਟਰੀ ਜਾਂਚ-ਪੜਤਾਲ ਦੀ ਲੋੜ ਹੰਦੀ ਹੈ, ਇਕ ਯੋਗ ਪ੍ਰੋਫੈਸ਼ਨਲ ਡਾਕਟਰ (ਜਿਵੇਂ ਕਿ ਬੱਚਿਆਂ ਦਾ ਡਾਕਟਰ, ਬਚਿਆਂ ਦਾ ਦਿਮਾਗੀ ਡਾਕਟਰ ਜਾਂ ਰਜਿਸਟਰ ਹੋਇਆ ਮਨੋਵਿਗਿਆਨੀ) ਕੋਲੋਂ। ਹਰ ਉੱਮਰ ਦੇ ਬਚਿਆਂ ਦੇ ਮੁਆਇਣੇ ਦਾ ਮਕਸਦ ਇਕ ਸਿਖਲਾਈ ਪ੍ਰਾਪਤ ਡਾਕਟਰ ਵਲੋਂ ਔਟਿਜ਼ਮ ਡਾਇਗਨੌਸਟਿਕ ਓਬਜ਼ਰਵੇਸ਼ਨ ਸਕੈਜੁਅਲ (ADOS) ਅਤੇ ਔਟਿਜ਼ਮ ਡਾਇਗਨੌਸਟਿਕ ਇੰਟਰਵਿਊ – ਰਿਵਾਇਜ਼ਡ (ADI-r) ਵਰਗੇ ਅਸੈਸਮੈਂਟ ਟੂਲ ਵਰਤਣਾ ਹੈ।

ਇਕ ਯੋਗ ਡਾਕਟਰ ਔਟਿਜ਼ਮ ਸਪੈਕਟਰਮ ਡਿਸਆਡਰ ਮੁਆਇਣੇ ਦਾ Non-BCAAN (Private) ਫਾਰਮ ਲਾਜ਼ਮੀ ਭਰੇ ਅਤੇ ASD ਦੀ ਤਸਦੀਕ ਹੋਣ ਤੇ ਉਸ ਦੀਆਂ ਅਤੇ ਸਾਰੀਆਂ ਅਸੈਸਮੈਂਟ ਰਿਪੋਰਟਾਂ ਬੱਚੇ ਦੇ ਲੋਕਲ MCFD ਦੇ ਦਫਤਰ ਵਿਚ ਲਾਜ਼ਮੀ ਜਮਾਂ ਕਰਵਾਏ, ਪਰਿਵਾਰ ਦੇ ਔਟਿਜ਼ਮ ਪ੍ਰੋਗਰਾਮਾਂ ਲਈ ਅਪਲਾਈ ਕਰਨ ਤੋਂ ਪਹਿਲਾਂ ਪ੍ਰਾਈਵੇਟ ਅਸੈਸਮੈਂਟ ਦੇ ਖ਼ਰਚੇ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ।

## *ਹੋਰ ਸੂਬੇ ਤੋਂ ਬੀ. ਸੀ. ਆਉਣਾ*

ਜੇ ਤੁਹਾਡੇ ਬੱਚੇ ਦੀ ਕਨੇਡਾ ਦੇ ਕਿਸੇ ਹੋਰ ਸੂਬੇ ਵਿਚ ASD ਦੀ ਡਾਇਗਨੌਸਟਿਕ ਅਸੈਸਮੈਂਟ ਹੋਈ ਹੈ ਅਤੇ ਤੁਸੀ ਮਨਿਸਟਰੀ ਆਫ ਚਿਲਡਰਨ ਅਤੇ ਫੈਮਿਲੀ ਡਿਵੈਲਪਮੈਂਟ MCFD ਦੇ ਔਟਿਜ਼ਮ ਪ੍ਰੋਗਰਾਮਾਂ ਲਈ ਅਪਲਾਈ ਕਰ ਰਹੇ ਹੋ ਤਾਂ ਬੀ. ਸੀ. ਵਿਚ ਯੋਗ ਸਪੈਸ਼ਲਿਸਟ (ਜਿਵੇਂ ਕਿ ਬੱਚਿਆਂ ਦਾ ਡਾਕਟਰ, ਬੱਚਿਆਂ ਦਾ ਦਿਮਾਗੀ ਡਾਕਟਰ ਜਾਂ ਰਜਿਸਟਰ ਹੋਏ ਮਨੋਵਿਗਿਆਨ) ਕੋਲੋਂ ਡਾਇਗਨੌਸਿਸ ਦੀ ਤਸਦੀਕ ਦਾ ਫਾਰਮ ਲਾਜ਼ਮੀ ਭਰਵਾਉ[

## *ਹੋਰ ਦੇਸ਼ ਤੋਂ ਬੀ. ਸੀ ਆਉਣਾ*

ਜੇ ਤੁਹਾਡੇ ਬੱਚੇ ਦੀ ਕਨੇਡਾ ਤੋਂ ਬਾਹਿਰ ਕਿਸੇ ਹੋਰ ਦੇਸ਼ ਵਿਚੋਂ ASD ਦੀ ਡਾਗਨੌਸਟਿਕ ਅਸੈਸਮੈਂਟ ਹੋਈ ਹੈ ਅਤੇ ਤੁਸੀ ਮਨਿਸਟਰੀ ਆਫ ਚਿਲਡਰਨ ਅਤੇ ਫੈਮਿਲੀ ਡਿਵੈਲਪਮੈਂਟ MCFD ਦੇ ਔਟਿਜ਼ਮ ਪ੍ਰੋਗਰਾਮਾਂ ਲਈ ਅਪਲਾਈ ਕਰ ਰਹੇ ਹੋ ਤਾਂ ਤੁਸੀ ਬੀ. ਸੀ. ਵਿਚ ਯੋਗ ਸਪੈਸ਼ਲਿਸਟ (ਜਿਵੇਂ ਕਿ ਬੱਚਿਆਂ ਦਾ ਡਾਕਟਰ, ਦਿਮਾਗੀ ਡਾਕਟਰ ਜਾਂ ਰਜਿਸਟਰ ਹੋਏ ਮਨੋਵਿਗਿਆਨੀ) ਕੋਲੋਂ ਡਾਇਗਨੌਸਿਸ ਦੀ ਤਸਦੀਕ ਦਾ ਫਾਰਮ ਲਾਜ਼ਮੀ ਭਰਵਾਉ। ਜੇ ਬਾਹਰਲੇ ਦੇਸ਼ ਦੀ ਡਾਇਗਨੌਸਟਿਕ ਅਸੈਸਮੈਂਟ ਬੀ. ਸੀ. ਦੇ ਮਿਆਰ ਦੀ ਨਹੀ ਹੈ ਤਾਂ ਯੋਗ ਬੀ. ਸੀ. ਸਪੈਸ਼ਲਿਸਟ ਨੂੰ ਸ਼ਾਇਦ ਤੁਹਾਡੇ ਬੱਚੇ ਦੀ ਡਾਇਗਨੌਸਟਿਕ ਅਸੈਸਮੈਂਟ ਦੁਬਾਰਾ ਬੀ. ਸੀ. ਵਿਚ ਕਰਨੀ ਪਵੇਗੀ, ਔਟਿਜ਼ਮ ਪ੍ਰੋਗਰਾਮਾਂ ਲਈ ਅਪਲਾਈ ਕਰਨ ਤੋਂ ਪਹਿਲਾਂ।

***ਤੁਸੀ Non- BCAAN (Private) ਡਾਇਗਨੌਸਿਸ ਆਫ ਔਟਿਜ਼ਮ ਸਪੈਕਟਰਮ ਡਿਸਆਡਰ ਅਤੇ ਕਨਫਰਮੇਸ਼ਨ ਆਫ ਡਾਇਗਨੌਸਿਸ ਦੇ ਫਾਰਮ ਵੈਬਲਿੰਕਸ ਦੇ ਸਫਾ 7 ਤੋਂ ਪ੍ਰਿੰਟ ਕਰ ਸਕਦੇ ਹੋ ਜਾਂ MCFD ਨੂੰ ਫੋਨ ਕਰੋ 1- 877- 777-3530***



### *ਵੈਬਲਿੰਕਸ*

BCAAN: *www.phsa.ca/AgenciesAndServices/Services/Autism/default.htm*

ਸਟੈਂਡਰਡ ਐਂਡ ਗਾਈਡਲਾਈਨ ਫਾਰ ਦੀ ਅਸੈਸਮੈਂਟ ਐਂਡ ਡਾਇਗਨੌਸਿਸ ਆਫ ਔਟਿਜ਼ਮ ਸਪੈਕਟਰਮ ਡਿਸਆਡਰ: *www.health.gov.bc.ca/library/publications/year/2003/asd_standards_0318.pdf*

ਕਨਫਰਮੇਸ਼ਨ ਆਫ ਡਾਈਗਨੋਸਿਸ ਫਾਰਮ ਐਂਡ Non-BCAAN (Private) ਡਾਇਗਨੌਸਿਸ ਆਫ ਔਟਿਜ਼ਮ ਸਪੈਕਟਰਮ ਡਿਸਆਡਰ ਫਾਰਮ: *www.mcf.gov.bc.ca/autism/forms.htm*

*ਦੀ ਡਾਈਗਨੌਸਿਸ ਪਰੋਸਸ ਇਨ ਬੀ.ਸੀ.:* *www.actcommunity.ca/autism-manual-for-bc*

## *ਮੇਰੇ ਬੱਚੇ ਨੂੰ ਔਟਿਜ਼ਮ ਸਪੈਕਟਰਮ ਡਿਸਆਡਰ ਹੈ। ਮੈਂ ਕੀ ਕਰਾਂ?*

ਜਦੋਂ ਬੱਚੇ ਨੂੰ ASD ਹੋਣ ਦੀ ਪੱਛਾਣ ਹੋ ਜਾਂਦੀ ਹੈ ਤਾਂ ਪਰਿਵਾਰ ਲਈ ਸਮਾਂ ਬਹੁਤ ਔਖਾ ਅਤੇ ਪਰੇਸ਼ਾਨੀ ਵਾਲਾ ਹੋ ਸਕਦਾ ਹੈ।

ਬੱਚੇ ਦੀ ਪੱਛਾਣ ਹੋ ਜਾਣ ਤੇ ਹਰ ਪਰਿਵਾਰ ਦੇ ਆਪਣੇ ਸਵਾਲ ਅਤੇ ਫਿਕਰ ਹੋ ਸਕਦੇ ਹਨ। ਬਹੁਤੇ ਪਰਿਵਾਰਾਂ ਲਈ ਵੱਧ ਤੋਂ ਵੱਧ ਜਾਣਕਾਰੀ ਲੈਣਾ ਅਤੇ ਹੋਰ ਮਾਪਿਆਂ ਤੇ ਮਾਹਿਰਾਂ, ਜਿਹੜੇ ਜਾਣਕਾਰੀ ਤੇ ਸਹਿਯੋਗ ਦੇ ਸਕਦੇ ਹਨ, ਨਾਲ ਸੰਪਰਕ ਰਖਣਾ ਅਹਿਮ ਹੋ ਜਾਂਦਾ ਹੈ।

ਬੀ. ਸੀ. ਵਿਚ ਔਟਿਜ਼ਮ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਮੌਜੂਦਾ ਸੇਵਾਵਾਂ ਅਤੇ ਸਹਿਯੋਗ ਬਾਰੇ ਦਸਣ ਲਈ MCFD ਨੇ ACT- ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਨੂੰ ਸੂਬਾਈ ਔਟਿਜ਼ਮ ਜਾਣਕਾਰੀ, ਸਪੋਰਟ ਸੇਵਾਂਵਾ ਅਤੇ ਟ੍ਰੇਨਿੰਗ, ASD ਵਾਲੇ ਬੱਚਿਆਂ ਨੂੰ ਸਪੋਰਟ ਕਰਨ ਵਾਲੇ ਪਰਿਵਾਰਾਂ ਤੇ ਪੇਸ਼ਾਵਰਾਂ ਨੂੰ ਦੇਣ ਲਈ ਠੇਕਾ ਦਿਤਾ ਹੈ। ACT ਦੀ ਇਕ ਜਾਣਕਾਰੀ ਲਈ ਲਾਈਨ ਹੈ, ਜਿਸ ਤੇ ਬੈਠੇ ਜਾਣਕਾਰੀ ਅਫਸਰ ਕੰਮ ਦੇ ਘੰਟਿਆਂ ਦੌਰਾਨ (1-866-939-5188) ਨੰਬਰ ਤੇ ਪਰਿਵਾਰਾਂ ਦੀ ਮਦਦ ਕਰ ਸਕਦੇ ਹਨ। ACT ਦੀ ਵੈਬਸਾਈਟ ਤੇ ਪਰਿਵਾਰਾਂ ਲਈ ਵੱਖ-ਵੱਖ ਮੁਫਤ ਸੋਮੇ ਵੀ ਦਸੇ ਗਏ ਹਨ, ਜਿਹੜੇ ਉਹ ਵਰਤ ਸਕਦੇ ਹਨ, ਜਿਵੇਂ ਕਿ: ਦੀ ਨਿਉ ਡਾਇਗਨੋਸਿਸ ਹਬ; ਐਨ ਔਟਿਜ਼ਮ ਇੰਫਰਮੇਸ਼ਨ ਡੇਟਾਬੇਸ (AID), ਸਥਾਨਕ ਸੇਵਾਂਵਾ ਅਤੇ ਸੋਮੇ ਲਭਣ ਲਈ; ਐਨ ਔਟਿਜ਼ਮ ਪੇਰੰਟ ਮੈਨੁਯਲ ਫਾਰ ਬੀ ਸੀ; ਵੱਖ-ਵੱਖ ਵਿਸ਼ਿਆਂ ਤੇ ਔਟਿਜ਼ਮ ਵਿਸ਼ਿਆਂ ਅਤੇ ਔਟਿਜ਼ਮ ਦੀਆਂ ਸੇਵਾਵਾਂ ਪ੍ਰਦਾਨ ਕਰਤਾਵਾਂ ਦੀ ਰਜਿਸਟਰੀ (RASP) ਮਾਹਿਰ ਪੇਸ਼ਾਵਰਾਂ ਨੂੰ ਲਭ ਸਕਣ ਲਈ। (ਦੇਖੋ ***ਵੈਬਲਿੰਕਸ*** ਹੇਠਾਂ)

ਬੀ. ਸੀ. ਵਿਚ ਔਟਿਜ਼ਮ ਦੀਆਂ ਹੋਰ ਸੰਸਥਾਵਾਂ ਬਾਰੇ ਜਾਣਕਾਰੀ ਸਫਾ 27 ਉੱਤੇ ਹੈ।

ਮਾਪਿਆਂ ਲਈ ਇਹ ਜਾਨਣਾ ਅਹਿਮ ਹੈ ਕਿ ASD ਵਾਲੇ ਬੱਚਿਆਂ ਤੇ ਨੌਜਵਾਨਾ ਨੂੰ ਸਬੂਤਾਂ ਤੇ ਅਧਾਰਿਤ ਦਖਲ-ਪ੍ਰੋਗਰਾਮਾਂ ਨਾਲ ਜ਼ਿਆਦਾ ਲਾਭ ਮਿਲਦਾ ਹੈ। ਖੋਜਾਂ ਨੇ ASD ਲਈ ਸਬੂਤਾਂ ਤੇ ਅਧਾਰਿਤ ਦਖਲਾਂ ਅਤੇ ਪਹੁੰਚਾਂ ਨੂੰ ਜ਼ਿਆਦਾ ਅਸਰਮੰਦ ਦਸਿਆ ਹੈ - ਇਨ੍ਹਾ ਨੂੰ ਵਧੀਆ ਅਮਲ (ਬੈਸਟ ਪ੍ਰੈਕਟਿਸਸ) ਕਿਹਾ ਜਾਂਦਾ ਹੈ। ਵਧੀਆ ਅਮਲਾਂ ਤੇ ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਸਫਾ 23 ਦੇਖੋ।

## *ਔਟਿਜ਼ਮ ਪ੍ਰੋਗਰਾਮਾਂ ਲਈ ਅਪਲਾਈ ਕਰਨਾ*

ਜੇ ਤੁਹਾਡੇ ਬੱਚੇ ਨੂੰ ASD ਹੈ ਅਤੇ ਤੁਸੀ ਉਸ ਨੂੰ ਔਟਿਜ਼ਮ ਫੰਡਿੰਗ ਪ੍ਰੋਗਰਾਮ ਵਿਚ ਦਰਜ ਕਰਵਾਉਣਾ ਚਾਹੁੰਦੇ ਹੋ ਤਾਂ ਆਪਣੇ ਸਥਾਨਕ MCFD ਦਫਤਰ ਨਾਲ ਫੰਡਿੰਗ ਸਮਝੌਤਾ ਕਰਨ ਲਈ (ਹੇਠਾਂ ***ਵੈਬਲਿੰਕਸ*** ਨਾਲ) ਸੰਪਰਕ ਕਰੋ।

### *ਵੈਬਲਿੰਕਸ*

ACT – ਔਟਿਜ਼ਮ ਕਮਿਉਨਿਟੀ ਟ੍ਰੇਨਿੰਗ:
*www.actcommunity.ca*

MCFD: ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ
*www.mcf.gov.bc.ca/autism/index.htm*

ACT's ਨਿਉ ਡਾਇਗਨੋਸਿਸ ਹਬ
*www.actcommunity.ca/newdiagnosishub*

ACT's ਔਟਿਜ਼ਮ ਇੰਨਫਾਰਮੇਸ਼ਨ ਡੇਟਾਬੇਸ (AID):
*www.actcommunity.ca/aid*

ACT's ਔਟਿਜ਼ਮ ਮੈਨੁਯੁਲ ਫਾਰ ਬੀ.ਸੀ:
*www.actcommunity.ca/autism-manual-for-bc*

ACT ਔਟਿਜ਼ਮ ਵੀਡਿਉ: *www.actcommunity.ca/videos*

ਔਟਿਜ਼ਮ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP):
*www.actcommunity.ca/rasp*



## *ਬਿਲ ਦਾ ਭੁਗਤਾਨ ਕਰਕੇ ਔਟਿਜ਼ਮ ਫੰਡਿੰਗ ਲੈਣੀ*

(ਕ੍ਰਿਪਾ ਕਰਕੇ ਸਿੱਧੇ ਭੁਗਤਾਨ ਦੇ ਢੰਗਾਂ ਅਤੇ ਹੋਰ ਜਾਣਕਾਰੀ ਲਈ ਸਫਾ 32 ਦੇਖੋ)

ਡਾਇਗਨੌਸਿਟਿਕ ਅਸੈਸਮੈਂਟ ਨੂੰ ਬੀ. ਸੀ. ਔਟਿਜ਼ਮ ਅਸੈਸਮੈਂਟ ਨੈਟਵਰਕ (BCAAN); ਵਲੋਂ ਭਰਿਆ ਜਾਣਾ ਚਾਹੀਦਾ ਹੈ, ਜਾਂ ਇਕ ਪ੍ਰਾਇਵੇਟ ਡਾਇਗਨੌਸਿਸ ਕਰਤਾ ਵਲੋਂ; ਜਾਂ ਰੋਗ–ਪਛਾਣ ਦੀ ਤਸਦੀਕ ਹੋਣ ਮਗਰੋਂ(ਦੇਖੋ ਸਫਾ 6)

ਬੱਚੇ ਨੂੰ BCAAN ਕੋਲੋਂ ਔਟਿਜ਼ਮ ਸਪੈਕਟਰਮ ਡਿਸਔਾਡਰ (ASD) ਹੋਣ ਬਾਰੇ ਪਤਾ ਲਗਦਾ ਹੈ ਜਾਂ ਇਸਦੀ ਪੱਛਾਣ ਕਾਰਵਾਈ ਦੀ ਤਸਦੀਕ ਹੁੰਦੀ ਹੈ (ਲੋਕਾਂ ਵਲੋਂ ਫੰਡ ਹੋਇਆ)।

ਪਰਿਵਾਰ ਨੂੰ ਡਾਕਟਰੀ ਨਤੀਜੇ ਦਾ ਫਾਰਮ ਜਾਂ ਡਾਇਗਨੌਸਿਸ ਤਸਦੀਕ ਦਾ ਫਾਰਮ BCAAN ਕੋਲੋਂ ਮਿਲਦਾ ਹੈ

ਬੱਚੇ ਦੀ (ASD) ਹੋਣ ਦੀ ਪੱਛਾਣ NON-BCAAN/ ਇਕ ਪ੍ਰਾਇਵੇਟ ਡਾਇਗਨੌਸਿਸ ਕਰਨ ਵਾਲੇ ਜਾਂ ਪ੍ਰਾਈਵੇਟ ਮਾਹਿਰ ਵਲੋਂ ਹੋਈ ਹੋਵੇ; ਰੋਗ ਪਛਾਣ ਕਾਰਵਾਈ ਦੀ ਤਸਦੀਕ ਹੋਣ ਬਾਅਦ ਹੋਈ ਹੋਵੇ (ਲੋਕਾਂ ਵਲੋਂ ਫੰਡ ਹੋਇਆ)।

ਪਰਿਵਾਰ ਨੂੰ ਡਾਕਟਰੀ ਨਤੀਜੇ ਦਾ ਫਾਰਮ ਜਾਂ ਡਾਇਗਨੌਸਿਸ ਤਸਦੀਕ ਦਾ ਫਾਰਮ NON-BCAAN ਕੋਲੋਂ ਮਿਲਦਾ ਹ

ਪਰਿਵਾਰ ਹੇਠ ਲਿਖੇ ਕਾਗਜ਼ਾਤ ਆਪਣੀ CYSN ਵਰਕਰ ਨਾਲ ਮੀਟਿੰਗ ਲਈ ਲੈ ਕੇ ਆਵੇ:

- BCAAN ਦੇ ਡਾਕਟਰੀ ਨਤੀਜੇ ਦਾ ਫਾਰਮ ਜਾਂ ਪਛਾਣ ਦਾ ਤਸਦੀਕ ਫਾਰਮ
- ਬੱਚੇ ਦੀ ਉੱਮਰ ਦਾ ਸਬੂਤ (ਜਿਵੇਂ ਕਿ, ਜਨਮ ਦਾ ਸਰਟੀਫਿਕੇਟ/ਪਾਸਪੋਰਟ)
- ਬੱਚੇ ਦਾ ਬੀ. ਸੀ. ਕੇਅਰ ਕਾਰਡ
- ਔਟਿਜ਼ਮ ਪਰੋਗਰਾਮਾਂ ਲਈ ਅਰਜ਼ੀ

ਪਰਿਵਾਰ ਵਾਲੇ ਆਪਣੇ ਲੋਕਲ MCFD ਦਫਤਰ ਨਾਲ ਸੰਪਰਕ ਕਰਕੇ ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੋਜਵਾਨਾਂ ਦੇ ਵਰਕਰ (CYSN) ਨਾਲ ਮੀਟਿੰਗ ਰਖਦੇ ਹਨ

ਪਰਿਵਾਰ ਹੇਠ ਲਿਖੇ ਕਾਗਜ਼ਾਤ ਆਪਣੀ CYSN ਵਰਕਰ ਨਾਲ ਮੀਟਿੰਗ ਤੇ ਲੈ ਕੇ ਆਵੇ:

- NON-BCAAN (ਪ੍ਰਾਈਵੇਟ) ਦੀ ਪੱਛਾਣ ਦਾ ਫਾਰਮ ਜਾਂ ਪੱਛਾਣ ਦਾ ਤਸਦੀਕ ਫਾਰਮ
- NON- BCAAN ਦੇ ਡਾਇਗਨੌਸਿਸ ਕਰਨ ਵਾਲ ਦੀਆਂ ਲਿਖਤੀ ਰਿਪੋਰਟਾਂ
- ਬੱਚੇ ਦੀ ਉੱਮਰ ਦਾ ਸਬੂਤ (ਜਿਵੇਂ ਕਿ, ਜਨਮ ਦਾ ਸਰਟੀਫਿਕੇਟ/ਪਾਸਪੋਰਟ)
- ਬੱਚੇ ਦਾ ਬੀ. ਸੀ. ਕੇਅਰ ਕਾਰਡ
- ਔਟਿਜ਼ਮ ਪਰੋਗਰਾਮਾਂ ਲਈ ਅਰਜ਼ੀ

ਮਾਪੇ/ਗਾਰਡੀਅਨ ਆਪਣੀ CYSN Worker ਨਾਲ ਬੈਠ ਕੇ ਔਟਿਜ਼ਮ ਅਰਜ਼ੀ ਤੇ ਦਸਤਖ਼ਤ ਕਰਦੇ ਹਨ ਤੇ CYSN ਵਰਕਰ ਔਟਿਜ਼ਮ ਫੰਡਿਗ ਬ੍ਰਾਂਚ (AFB) ਨੂੰ ਸੂਚਿਤ ਕਰਦੇ ਹਨ ਕਿ ਬੱਚਾ ਔਟਿਜ਼ਮ ਫੰਡਿਗ ਦੇ ਯੋਗ ਹੈ

AFB ਵਾਲੇ ਔਟਿਜ਼ਮ ਸਮਝੌਤੇ ਦੀਆਂ ਦੋ ਕਾਪਿਆਂ ਮਾਪੇ/ ਗਾਰਡੀਅਨ ਨੂੰ ਭੇਜਦੇ ਹਨ

ਮਾਪੇ/ ਗਾਰਡੀਅਨ ਔਟਿਜ਼ਮ ਸਮਝੌਤੇ ਦੀਆਂ ਦੋਵੇਂ ਕਾਪੀਆਂ ਤੇ ਲਾਜ਼ਮੀ ਦਸਤਖ਼ਤ ਕਰਕੇ ਦੋ ਹਫਤਿਆਂ ਵਿਚ AFB ਨੂੰ ਵਾਪਿਸ ਭੇਜਣ।

ਔਟਿਜ਼ਮ ਸਮਝੌਤੇ ਦੀਆਂ ਦਸਤਖ਼ਤ ਕੀਤੀਆਂ ਦੋਵੇਂ ਕਾਪੀਆਂ ਪਹੁੰਚਨ ਤੇ, AFB ਵਾਲੇ "ਔਟਿਜ਼ਮ ਫੰਡਿੰਗ (AF) ਵਿਚ ਸਵਾਗਤ ਹੈ" ਵਾਲੀ ਚਿੱਠੀ ਪਰਿਵਾਰ ਨੂੰ ਭੇਜੇਗੀ, ਜਿਸ ਵਿਚ ਉਪਲੱਬਧ ਫੰਡਿੰਗ ਬਾਰੇ ਦਸਿਆ ਹੋਵੇਗਾ ਅਤੇ ਸ਼ੁਰੁਆਤੀ ਫੰਡਿੰਗ ਸਮੇਂ ਦੀਆਂ ਮਿਤੀਆਂ ਦਿਤੀਆਂ ਹੋਣਗੀਆਂ।

ਪਰਿਵਾਰ ਆਪਣੇ ਸੇਵਾ ਪ੍ਰਦਾਨ ਕਰਤਾ ਨੂੰ ਚੁਣਦੇ ਹਨ। ਜੇ AF ਦੇ 6 ਤੋਂ ਘੱਟ ਪਰੋਗਰਾਮਾਂ ਵਿਚ ਹਨ, ਤਾਂ ਸਾਰੇ ਪੇਸ਼ਾਵਰ ਔਟਿਜ਼ਮ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਦੀ ਸੂਚੀ ਵਿਚ ਲਾਜ਼ਮੀ ਦਰਜ ਹੋਣੇ ਚਾਹੀਦੇ ਹਨ

*ਨੋਟ: ਵਰਤਾਉ ਦਖਲ ਕਰਤਾ (BI) ਨੂੰ RASP ਤੇ ਹੋਣਾ ਲਾਜ਼ਮੀ ਨਹੀਂ ਹੈ, ਪਰ ਉਨ੍ਹਾਂ ਤੇ RASP ਪੇਸ਼ਾਵਰਾਂ ਦੀ ਨਿਗਰਾਨੀ ਹੋਣੀ ਚਾਹੀਦੀ ਹੈ, 6 ਤੋਂ ਘੱਟ ਦੇ ਪ੍ਰੋਗਰਾਮ ਲਈ ਜਾਂ ਉਮਰ 6-18 ਪ੍ਰੋਗਰਾਮ ਵਿਚ ਪੇਸ਼ਾਵਰ ਲਈ*

ਮਾਪੇ/ ਗਾਰਡੀਅਨ ਸੇਵਾ ਪ੍ਰਦਾਨ ਕਰਤਾ/ਸਪਲਾਇਰ ਨੂੰ ਪੈਸੇ ਦੇਣ ਦਾ ਬੇਨਤੀ ਫਾਰਮ (RTP) ਭਰ ਕੇ AFB ਨੂੰ ਦੇਂਦੇ ਹਨ। ਇਹ ਸੁਝਾਉ ਦਿਤਾ ਜਾਂਦਾ ਹੈ ਕਿ RTP ਤੇ ਸਾਰੇ ਸੇਵਾ ਪ੍ਰਦਾਨ ਕਰਤਾ ਵਲੋਂ ਮੁੜ ਗੌਰ ਕੀਤਾ ਜਾਵੇ ਤਾਕਿ ਉਹ ਸਹੀ ਹੋਵੇ

AFB ਜੁਆਬ ਵਿਚ ਚਿੱਠੀ ਰਾਹੀਂ ਮੰਜ਼ੂਰੀ ਦੇ ਵੇਰਵੇ ਦੀ ਤਸਦੀਕ ਕਰਦੇ ਹਨ।

ਸੇਵਾਵਾਂ ਸੁਰੂ ਹੋ ਜਾਂਦੀਆਂ ਹਨ

ਸੇਵਾ ਪ੍ਰਦਾਨ ਕਰਤਾ ਆਪਣੀਆਂ ਸੇਵਾਵਾਂ ਦੇ ਬਿਲ ਪੂਰੇ ਕਰਕੇ ਜਮਾਂ ਕਰਾਂਦੇ ਹਨ ਸਿੱਧੇ AFB ਕੋਲ, ਬਿਲ ਤੇ ਕਾਰਵਾਈ ਹੁੰਦੀ ਹੈ ਅਤੇ ਭੁਗਤਾਨ ਹੋ ਜਾਂਦਾ ਹੈ

# ਔਟਿਜ਼ਮ ਪ੍ਰੋਗਰਾਮ

ਬੱਚਿਆਂ ਅਤੇ ਪਰਿਵਾਰ ਵਿਕਾਸ ਮੰਤਰਾਲੇ ਦੋ ਔਟਿਜ਼ਮ ਪ੍ਰੋਗਰਾਮ ਪੇਸ਼ ਕਰਦੇ ਹਨ:

- ਔਟਿਜ਼ਮ ਫੰਡਿੰਗ: ਉੱਮਰ 6 ਤੋਂ ਘੱਟ
- ਔਟਿਜ਼ਮ ਫੰਡਿੰਗ: ਉੱਮਰ 6-18

## *ਔਟਿਜ਼ਮ ਫੰਡਿੰਗ: ਉੱਮਰ 6 ਸਾਲ ਤੋਂ ਘੱਟ*

ਔਟਿਜ਼ਮ ਫੰਡਿੰਗ ਦੇ ਮੁੱਖ ਮਕਸਦ: ਉੱਮਰ 6 ਸਾਲ ਤੋਂ ਘੱਟ ਬੱਚਿਆਂ ਦੇ ਪਰਿਵਾਰਾਂ ਦੀ ਯੋਗ ਔਟਿਜ਼ਮ ਖਰੀਦ ਦੇ ਉਸ ਖਰਚੇ ਵਿਚ ਮਦਦ ਕਰਨਾ ਹੈ, ਜਿਹੜਾ ਔਟਿਜ਼ਮ ਦਖਲ ਸੇਵਾਵਾਂ (ਵਧੀਆਂ ਅਮਲ ਤੇ ਅਧਾਰਿਤ),ਬੱਚਿਆਂ ਦੀ ਗਲਬਾਤ, ਸਮਾਜਿਕ-ਭਾਵਨਾਤਕ, ਸਕੂਲ ਤੋਂ ਪਹਿਲਾਂ ਅਤੇ ਜਿੰਦਗੀ ਦੇ ਕੰਮਕਾਜੀ ਹੁਨਰ ਦੇ ਵਿਕਾਸ ਲਈ ਹੁੰਦਾ ਹੈ। 5 ਸਾਲ ਜਾਂ ਘੱਟ ਉੱਮਰ ਦੇ ਜਿਹੜੇ ਬੱਚਿਆਂ ਦੀ ASD ਦੀ ਪਛਾਣ ਹੋ ਜਾਂਦੀ ਹੈ ਤਾਂ ਪੇਸ਼ਾਵਰ ਨੂੰ ਇਹ ਦਿਖਾਉਣਾ ਪੈਂਦਾ ਹੈ ਕਿ ਉਨ੍ਹਾਂ ਦੀ ਵਿਦਿਆ ਪਰਿਵਾਰਾਂ ਨੂੰ $22000 ਤਕ ਯੋਗ ਦਖਲ ਸੇਵਾਵਾਂ ਲਈ ਮਿਲ ਸਕਦਾ ਹੈ.

ਬੱਚੇ ਦਾ ਦਖਲ ਪਰੋਗਰਾਮ ਇਕ ਐਸੀ ਯੋਜਨਾ ਤੇ ਅਧਾਰਿਤ ਹੋਣਾ ਲਾਜ਼ਮੀ ਹੈ ਜੋ ਉਸਦੇ ਵਿਲਖੱਣ ਗੁਣਾਂ ਅਤੇ ਲੋੜਾਂ ਨੂੰ ਸਮਝ ਕੇ ਬਣਾਇਆ ਗਿਆ ਹੋਵੇ। ਇਹ **ਵਰਤਾਉ ਇਲਾਜ ਸੰਬਧੀ ਯੋਜਨਾ** (BPI) ਵਰਤਾਉ ਸਲਾਹਕਾਰ/ਵਿਸ਼ਲੇਸ਼ਕ ਬਣਾਦੇਂ ਹਨ, ਪਰਿਵਾਰਕ ਮੈਂਬਰਾਂ, ਅਤੇ ਹੋਰ ਪੇਸ਼ਾਵਰ ਟੀਮ ਮੈਂਬਰਾਂ, ਜਿਵੇਂ ਕਿ ਭਾਸ਼ਾ-ਮਾਹਿਰ, ਕੰਮ-ਕਾਜ ਥੈਰਿਪਿਸਟ, ਅਤੇ/ਜਾਂ ਸ਼ਰੀਰਿਕ ਥੈਰਪਿਸਟ ਦੀ ਸਲਾਹ ਨਾਲ। BPI ਨੂੰ ਬਕਾਇਦਾ ਤੌਰ ਤੇ ਰਿਵੀਉ ਅਤੇ ਅਪਡੇਟ ਕੀਤਾ ਜਾਨਾ ਚਾਹੀਦਾ ਹੈ, ਇਹ ਪੱਕਾ ਕਰਨ ਲਈ ਕਿ ਤੁਹਾਡਾ ਬੱਚਾ ਠੀਕ ਤਰੱਕੀ ਕਰ ਰਿਹਾ ਹੈ। BPI ਤੇ ਹੋਰ ਜਾਣਕਾਰੀ ਲਈ ਸਫਾ 25 ਦੇਖੋ।

ਉਮਰ 6 ਸਾਲ ਤੋਂ ਘੱਟ ਬੱਚਿਆਂ ਲਈ, (ਪੇਸ਼ਾਵਰ ਵਰਤਾਉ ਸਲਾਹਕਾਰ/ਵਿਸ਼ਲੇਸ਼ਕ, ਭਾਸ਼ਾ-ਮਾਹਿਰ, ਕੰਮ-ਕਾਜ ਥੈਰਪਿਸਟ, ਫਿਜ਼ੀਉਥੈਰਪਿਸਟ), ਜਿਹੜੇ ਵੀ ਤੁਸੀ ਚੁਣਦੇ ਹੋ, ਆਪਣੇ ਬੱਚੇ ਦੀ ਦਖਲ ਯੋਜਨਾ ਬਨਾਉਣ ਤੇ ਨਿਗਰਾਨੀ ਲਈ, ਉਹ ਔਟਿਜ਼ਮ ਸੰਬਧੀ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਵਿਚੋਂ ਹੋਣੇ ਚਾਹੀਦੇ ਹਨ।

### *ਔਟਿਜ਼ਮ ਲਈ ਸੇਵਾਵਾਂ ਪ੍ਰਦਾਨ ਕਰਤਾ ਦੀ ਰਜਿਸਟਰੀ (RASP)*

6 ਸਾਲ ਤੋਂ ਘੱਟ ਬੱਚਿਆਂ ਦੇ ਮਾਪੇ, ਜਿਹਨਾਂ ਨੂੰ ਔਟਿਜ਼ਮ ਫੰਡਿੰਗ ਮਿਲ ਰਹੀ ਹੈ, ਲਈ ਲਾਜ਼ਮੀ ਹੈ ਕਿ RASP ਤੋਂ ਪੇਸ਼ਾਵਰ ਸੇਵਾ ਪ੍ਰਦਾਨ ਕਰਤਾ ਚੁਨਣ। RASP ਦਾ ਪ੍ਰਬੰਧ ACT- ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਵਾਲੇ ਬੱਚਿਆਂ ਅਤੇ ਪਰਿਵਾਰ ਵਿਕਾਸ ਮੰਤਰਾਲੇ ਵਾਲੇ ਕਰਦੇ ਹਨ। RASP ਵਿਚ ਸ਼ਾਮਿਲ ਹੋਣ ਲਈ, ਪੇਸ਼ਾਵਰਾਂ ਨੂੰ ਇਹ ਦਿਖਾਉਣਾ ਪੈਂਦਾ ਹੈ ਕਿ ਉਨ੍ਹਾਂ ਦੀ ਵਿਦਿਆ ਅਤੇ ਤਜੁਰਬਾ ਮੰਤਰਾਲੇ ਦੇ ਅਨੁਸਾਰ ਹੈ।



### *ਵੈਬਲਿੰਕਸ*

ਔਟਿਜ਼ਮ ਸੰਬਧੀ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਅਤੇ ਜਾਣਕਾਰੀ ਅਤੇ ਸੇਵਾ ਪ੍ਰਦਾਨ ਕਰਤਾ ਕਿਵੇਂ ਚੁਨਣਾ ਹੈ, ਲਈ ਜਾਉ: *www.actcommunity.ca/rasp/*

MCFD:
*www.mcf.gov.bc.ca/autism/index.htm*

### *ਔਟਿਜ਼ਮ ਫੰਡਿੰਗ: ਉਮਰ 6 ਤੋਂ ਘੱਟ:*
### *ਕੇਵਲ ਹੇਠਲਿਆਂ ਲਈ ਵਰਤੀ ਜਾ ਸਕਦੀ ਹੈ:*

- ਵਰਤਾੱਓ ਸਲਾਹਕਾਰ/ਵਿਸ਼ਲੇਸ਼ਕ, ਭਾਸ਼ਾ-ਮਾਹਿਰ, ਕੰਮ-ਕਾਜ ਥੈਰਿਪਿਸਟ ਅਤੇ ਸ਼ਰੀਰਿਕ ਥੈਰਿਪਿਸਟ, ਜਿਨ੍ਹਾਂ ਦਾ ਨਾਂ ਔਟਿਜ਼ਮ ਸੰਬਧੀ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਵਿਚ ਹੈ, ਜਾਂ ਦੇਖੋ ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਵੈਬਲਿੰਕ)
- ਵਰਤਾਉ ਸਬੰਧੀ ਦਖਲ (BI)- (BIs ਇਕ ਪੇਸ਼ਾਵਰ RASP ਦੀ ਨਿਗਰਾਨੀ ਹੇਠ ਹੋਣਾ ਚਾਹੀਦਾ ਹੈ)
- ਪਰਿਵਾਰ ਦਾ ਪ੍ਰਬੰਧਕੀ ਖਰਚਾ (ਜਿਵੇਂ ਕਿ ਹਿਸਾਬ-ਕਿਤਾਬ, ਤਨ੍ਹਖਾਹਾਂ $100 ਤਕ ਮਹੀਨੇ ਦਾ)
- ਨੌਕਰੀ ਨਾਲ ਸਬੰਧਤ ਖਰਚੇ (ਜਿਵੇਂ ਕਿ ਕਾਮੇ ਦਾ ਇਨਕੰਮ ਟੈਕਸ, ਕੈਨੇਡਾ ਪੈਨਸ਼ਨ ਪਲੈਨ, ਇੰਪਲੋਇਮੈਂਟ ਇਨਸ਼ੋਰੰਸ ਅਤੇ ਵਰਕਰ ਕੰਪਨਸੇਸ਼ਨ ਬੋਰਡ ਦੀ ਕਿਸ਼ਤ, ਚਾਰ ਫੀਸਦੀ ਛੁਟੀਆਂ ਦੀ ਤਨਖਾਹ)
- 20 ਫੀਸਦੀ ਤਕ ਦੀ ਫੰਡਿੰਗ ਟ੍ਰੇਨਿੰਗ, ਯੋਗ ਔਟਿਜ਼ਮ ਦਖਲ ਸੇਵਾਵਾਂ ਦੇ ਬੀ. ਸੀ. ਵਿਚਲੇ ਸਫਰ ਖਰਚੇ ਤੇ (ਆਉਣ-ਜਾਣ 80 ਕਿਲੋਮੀਟਰ ਤੋਂ ਵੱਧ) ਲਈ ਅਤੇ ਦਖਲ ਇਲਾਜ ਲਈ ਯੋਗ ਸਾਮਾਨ, ਜਿਹੜਾ ਜਸਟੀਫਿਕੇਸ਼ਨ ਫਾਰ ਇਕਵਿਪਮੈਂਟ/ਸਪਲਾਈ ਫਾਰਮ ਵਿਚ ਪੇਸ਼ਾਵਰ/ਮਾਹਿਰ ਨੇ ਭਰਿਆ ਹੁੰਦਾ ਹੈ, ਲਈ ਵਰਤੀ ਜਾ ਸਕਦੀ ਹੈ. (ਕ੍ਰਿਪਾ ਕਰਕੇ ਹੇਠਾਂ ***ਵੈਬਲਿੰਕਸ*** ਦੇਖੋ ਜਾਂ ਹੋਰ ਜਾਣਕਾਰੀ ਲਈ ਦੇਖੋ ਔਟਿਜ਼ਮ ਫੰਡਿੰਗ: ਉਮਰ 6 ਤੋਂ ਘੱਟ-ਅਯੋਗ ਖਰਚੇ, ਸਫਾ 12)

> **ਮਾਪਿਆਂ ਲਈ ਨੁੱਕਤੇ**
>
> ***ਸੇਵਾ ਪ੍ਰਦਾਨ ਕਰਤਾ ਦਾ ਘੰਟੇ ਦਾ ਰੇਟ ਬਿਜ਼ਨਸ ਦੇ ਖ਼ਰਚੇ ਦੇ ਮੁਤਾਬਿਕ ਹੋਣ ਹੋਣਾ ਚਾਹੀਦਾ ਹੈ।***

### *ਬੀ.ਸੀ. ਵਿਚ ਟ੍ਰੇਨਿੰਗ ਲੈਣ ਲਈ ਸਫਰ ਖਰਚਾ (ਆਉਣ-ਜਾਣ 80 ਕਿਲੋਮੀਟਰ ਤੋਂ ਵਧ):*

- ਮਾਪਿਆਂ ਜਾਂ ਦਖਲ ਇਲਾਜਕਰਤਾ ਲਈ ਕੇਵਲ ਔਟਿਜ਼ਮ ਸਬੰਧੀ ਟ੍ਰੇਨਿੰਗ ਦੀ ਰਜਿਸਟ੍ਰੇਸ਼ਨ ਫੀਸ ਉਤੇ ਸਫਰ ਖਰਚਾ। ਪੋਸਟ ਸੈਕੰਡਰੀ ਕਰੈਡਿਟ ਕੋਰਸਾਂ ਦੀ ਫੀਸ ਯੋਗ ਖਰਚਾ ਨਹੀਂ ਹੈ।
- ਸਫਰ ਖਰਚਾ ਵਿਚ ਸ਼ਾਮਿਲ ਹੈ, ਜਹਾਜ਼, ਬਸ ਜਾਂ ਗਡੀ ਦਾ ਕਿਰਾਇਆ, ਜਾਂ $0.40/ ਕਿਲੋਮੀਟਰ ਦੇ ਹਿਸਾਬ ਨਾਲ ਆਪਣੀ ਗਡੀ ਦਾ ਖਰਚਾ।
- ਹੋਟਲ ਦਾ ਖਰਚਾ ਵੱਧ ਤੋਂ ਵੱਧ $150 ਇਕ ਰਾਤ ਦਾ ਇਕ ਕਮਰੇ ਦਾ, ਯੋਗ ਹੈ।
- ਪਾਰਕਿੰਗ ਦੇ $15 ਰੋਜ਼ ਦੇ ਮਿਲ ਸਕਦੇ ਹਨ।
- ਫੈਰੀ ਅਤੇ ਟੋਲ ਯੋਗ ਖਰਚੇ ਹਨ।
- ਮਾਪਿਆਂ ਲਈ ਸਿਖਲਾਈ ਕਿਤਾਬਾਂ, ਡੀਵੀਡੀ (ਔਟਿਜ਼ਮ ਸਬੰਧੀ)।

### *ਬੀ ਸੀ ਦੇ ਵਿਚ ਦਖਲ ਸੇਵਾਵਾਂ ਤਕ ਪਹੁੰਚਨ ਲਈ ਸਫਰ ਖਰਚਾ (ਆਉਣ-ਜਾਣ 80 ਕਿਲੋਮੀਟਰ ਤੋਂ ਵੱਧ):*

- ਜੇ ਤੁਹਾਡੀ ਆਪਣੀ ਕਮਿਉਨਿਟੀ ਵਿਚ ਸੇਵਾ ਪ੍ਰਦਾਨ ਕਰਤਾ ਨਹੀਂ ਹਨ ਤਾਂ ਤੁਸੀ ਬਚਤ ਵਾਲੀਆਂ ਸੇਵਾਵਾਂ ਆਪਣੇ ਘਰ ਦੇ ਵੱਧ ਤੋਂ ਵੱਧ ਨੇੜੇ ਲੈ ਕੇ ਉਨ੍ਹਾਂ ਦਾ ਖਰਚਾ ਕਲੇਮ ਕਰ ਸਕਦੇ ਹੋ।
- ਇਸ ਲਈ ਜਾਂ ਤੁਸੀ ਸੇਵਾ ਪ੍ਰਦਾਨ ਕਰਤਾ ਕੋਲ ਜਾ ਸਕਦੇ ਹੋ ਜਾਂ ਸੇਵਾ ਪ੍ਰਦਾਨ ਕਰਤਾ ਨੂੰ ਕਮਿਉਨਿਟੀ ਵਿਚ ਬੁਲਾ ਸਕਦੇ ਹੋ।
- ਸਫਰ ਖਰਚਾ ਵਿਚ ਸ਼ਾਮਿਲ ਹੈ, ਜਹਾਜ਼, ਬਸ ਜਾਂ ਗਡੀ ਦਾ ਕਿਰਾਇਆ, ਜਾਂ $0.40/ ਕਿਲੋਮੀਟਰ ਦੇ ਹਿਸਾਬ ਨਾਲ ਆਪਣੀ ਗਡੀ ਦਾ ਖਰਚਾ।
- ਹੋਟਲ ਦਾ ਖਰਚਾ ਵੱਧ ਤੋਂ ਵੱਧ $150 ਇਕ ਰਾਤ ਦਾ ਇਕ ਕਮਰੇ ਦਾ, ਯੋਗ ਹੈ।
- ਪਾਰਕਿੰਗ ਦੇ $15 ਰੋਜ਼ ਦੇ ਮਿਲ ਸਕਦੇ ਹਨ.
- ਫੈਰੀ ਅਤੇ ਟੋਲ ਯੋਗ ਖਰਚੇ ਹਨ।

### *ਸਾਜੋ-ਸਾਮਾਨ ਅਤੇ ਸੱਮਗਰੀ ਦਖਲ ਇਲਾਜ ਨਾਲ ਸਬੰਧਤ:*

ਮਾਪਿਆਂ ਲਈ ਸਿਖਲਾਈ ਕਿਤਾਬਾਂ, ਡੀਵੀਡੀ (ਔਟਿਜ਼ਮ ਸਬੰਧੀ) ਦੱਖਲ ਇਲਾਜ ਲਈ ਸਾਜੋ ਸਾਮਾਨ ਅਤੇ ਸੱਮਗਰੀ ਵਾਸਤੇ ਤੁਹਾਨੂੰ ਜਾਇਜ਼ ਸਾਮਾਨ ਅਤੇ ਸਪਲਾਈ ਫਾਰਮ (JFE), ਇਕ ਪੇਸ਼ਾਵਰ/ਮਾਹਿਰ, ਜਿਸ ਦਾ ਨਾਂ ਔਟਿਜ਼ਮ ਸੰਬਧੀ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਵਿਚ ਹੈ ਜਾਂ ਸੁਰੂਆਤੀ ਦਖਲ ਥੈਰਪੀ (EIT) ਪੇਸ਼ਾਵਰ (ਜਿਵੇਂ ਕਿ ਬੋਲੀ ਦੇ ਇਲਾਜ ਕਰਤਾ (SLP), ਕੰਮ-ਕਾਜ ਥੈਰਪਿਸਟ (OT) ਅਤੇ ਜਾਂ ਫਿਜ਼ਉਥੈਰਪਿਸਟ (PT), ਜਿਨ੍ਹਾਂ ਦਾ ਨਾਂ ਔਟਿਜ਼ਮ ਸੰਬਧੀ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ RASP ਵਿਚ ਨਹੀਂ ਹੈ, ਪਰ MCFD ਦੀਆਂ ਠੇਕੇਦਾਰ ਏਜੰਸੀਆਂ/ਸੰਸਥਾਂਵਾਂ/ਸਿਹਤ ਜਥੇਬੰਦਿਆਂ ਰਾਹੀਂ ਕੰਮ ਕਰਦੇ ਹਨ, ਕੋਲੋਂ ਭਰਵਾ ਕੇ ਬੇਨਤੀ ਕਰ ਸਕਦੇ ਹੋ।

- ਇਕ ਮੰਜ਼ੂਰਸ਼ੁਦਾ JFE ਦੀ ਮਿਆਦ, ਯੋਗ ਪੇਸ਼ਾਵਰ ਦੇ ਦਸਤਖਤ ਹੋਣ ਦੀ ਮਿਤੀ ਤੋਂ ਲੈ ਕੇ ਇਕ ਸਾਲ ਤਕ ਹੁੰਦੀ ਹੈ, ਬਸ਼ਰਤੇ ਬੱਚਾ ਔਟਿਜ਼ਮ ਫੰਡਿੰਗ ਦੇ ਯੋਗ ਹੀ ਰਹੇ ਅਤੇ ਸਲਾਨਾ ਫੰਡਿੰਗ 20 ਫੀਸਦੀ ਤੋਂ ਨਾ ਵਧੇ। ਖਰੀਦ ਦੀ ਰਸੀਦ ਦੀ ਮਿਤੀ ਤੋਂ ਉਸ ਫੰਡਿੰਗ ਸਮੇਂ ਦਾ ਪਤਾ ਲਗਦਾ ਹੈ ਕਿ ਲੈਣ-ਦੇਣ ਕਦੋਂ ਹੋਇਆ।
- ਇਕ JW ਦੀ ਕੋਈ ਗਰੰਟੀ ਨਹੀ ਹੈ ਕਿ ਕੋਈ ਵਸਤੂ ਔਟਿਜ਼ਮ ਫੰਡਿੰਗ ਦੇ ਯੋਗ ਹੀ ਹੋਵੇਗੀ। ਇਹ ਸੁਝਾਓ ਦਿਤਾ ਜਾਂਦਾ ਹੈ ਕਿ ਪਰਿਵਾਰ JW ਤੋਂ ਮੰਜ਼ੂਰੀ ਮਿਲਣ ਤਕ ਇੰਤਜ਼ਾਰ ਕਰਣ। ਅਯੋਗ ਵਸਤੂਆਂ ਦੀ ਕੀਮਤ ਵਾਪਿਸ ਨਹੀਂ ਮਿਲੇਗੀ।
- ਮੰਜ਼ੂਰੀਸ਼ੁਦਾ JFE ਦੇ ਮੁਤਾਬਿਕ ਖਰੀਦੀਆਂ ਚੀਜ਼ਾਂ ਬੱਚੇ ਅਤੇ ਪਰਿਵਾਰ ਕੋਲ ਹੀ ਰਹਿਣਗੀਆਂ।

#### ***ਵੈਬਲਿੰਕਸ***

ਜਸਟੀਫਿਕੇਸ਼ਨ ਫਾਰ ਇਕਵਿਪਮੈਂਟ/ਸਪਲਾਈ ਫਾਰਮ:
*www.mcf.gov.bc.ca/autism/forms.htm*

SET-BC: *www.setbc.org*

ACT – ਔਟਿਜ਼ਮ ਕਮਿਉਨਿਟੀ ਟ੍ਰੇਨਿੰਗ:
*www.actcommunity.ca/newdiagnosishub*

ਬਾਕੀ ਸਮਾਨ ਦੀ ਖਰੀਦ ਲਈ ਜਾਂ ਕਰਜ਼ੇ ਲਈ ਹੋਰ ਫੰਡਿਗ ਦੇ ਸਾਧਨਾਂ ਬਾਰੇ ਪਤਾ ਕਰੋ। ਪਰ SET-BC ਵਲੋ ਮੰਜ਼ੂਰਸ਼ੁਦਾ, ਘਰੇਲੂ ਪ੍ਰੋਗਰਾਮਾਂ, ਬਾਕੀ ਏਜੰਸੀਆਂ ਵਲੋਂ ਦਿਤਾ ਸਾਮਾਨ ਆਦਿ ਬੱਚੇ ਦੇ ਆਮ ਖਰਚੇ ਦੁਬਾਰਾ ਨਾਂ ਮੰਗੋ। ਕ੍ਰਿਪਾ ਕਰਕੇ ਵੈਬਲਿੰਕਸ ਦਾ ਸਫਾ 11 SET-BC ਬਾਰੇ ਹੋਰ ਜਾਣਕਾਰੀ ਲਈ ਦੇਖੋ।

## *ਕੰਪਿਊਟਰ, ਟੱਚ ਸਕਰੀਨ ਟੈਬਲਟ ਜਾਂ ਸਮਾਰਟ ਫੋਨ*


- ਕੰਪਿਊਟਰ, ਟੱਚ ਸਕਰੀਨ ਟੈਬਲਟ ਖਰੀਦਣ ਜਾਂ ਸਮਾਰਟ ਫੋਨ ਦੀ ਬੇਨਤੀ ਲਿਖ ਕੇ ਜਾਇਜ਼ ਸਾਮਾਨ ਅਤੇ ਸਮੱਗਰੀ (JFE) ਫਾਰਮ RASP ਪੇਸ਼ਾਵਰ/ਮਾਹਿਰ ਜਾਂ EIT ਪੇਸ਼ਾਵਰ MCFD ਦੇ ਠੇਕੇਦਾਰ ਏਜੰਸੀਆਂ/ਸੰਸਥਾਵਾਂ/ਸਿਹਤ ਅਧਿਕਾਰੀਆਂ ਕੋਲੋ ਭਰਵਾ ਕੇ ਭੇਜੋ।
- ਬੱਚੇ ਦੀ ਔਟਿਜ਼ਮ ਫੰਡਿੰਗ ਇਕ ਲੈਪਟਾਪ, ਡੈਸਕਟਾਪ; ਜਾਂ ਟੱਚ ਸਕਰੀਨ ਟੈਬਲਟ ਖਰੀਦਣ ਲਈ ਵਰਤੀ ਜਾ ਸਕਦੀ ਹੈ (ਜਿਵੇਂ ਕਿ ਆਈਪੈਡ, ਆਈ ਟੱਚ ਜਾਂ ਸਮਾਰਟ ਫੋਨ) ਤਿੰਨ ਸਾਲ ਵਿਚ ਇਕ ਵਾਰੀ।

## *ਔਟਿਜ਼ਮ ਫੰਡਿਗ: ਉੱਮਰ 6 ਤੋਂ ਘੱਟ*

### ਅਯੋਗ **ਖਰਚੇ**

ਪੇਸ਼ਾਵਰ/ ਮਾਹਿਰ ਵਲੋਂ ਸੁਝਾਵਿਤ ਕੁਝ ਦਖਲ ਸੇਵਾਵਾਂ ਅਤੇ ਸਾਮਾਨ ਅਯੋਗ ਖਰਚੇ ਹੁੰਦੇ ਹਨ. ਹੇਠਾਂ ਅਯੋਗ ਖਰਚਿਆਂ ਦੇ ਸਾਮਾਨ ਦੀਆਂ ਕੁਝ ਉਦਾਹਰਣਾਂ ਹਨ:

- ਘਰੇਲੂ ਮੁਰੰਮਤ, ਘਰ ਸੋਹਣਾ ਬਣਾਉਣਾ, ਤੈਰਾਕੀ ਦੇ ਟੱਬ, ਹੌਟ ਟੱਬ, ਟਰੈਮਪੋਲਿਨ, ਖੇਡ ਦੇ ਮੈਦਾਨ ਦਾ ਸਾਮਾਨ
- ਘਰੇਲੂ ਚੀਜ਼ਾਂ, ਅਪਲਾਇੰਸ
- ਆਮ ਦਿਲ ਪਰਚਾਵੇ ਅਤੇ ਖੇਡਾਂ ਦੀ ਫੀਸ
- ਖੇਡਾਂ/ ਫਿਟਨੈਸ ਦਾ ਸਾਮਾਨ
- ਟੈਲੀਵਿਜ਼ਨ
- ਵਿਟਾਮਿਨ, ਮੈਡੀਕਲ ਸਪਲਾਈ, ਪੈਰਾਂ ਦੇ ਤਲਵੇ
- ਕਪੜੇ
- ਖਾਣਾ (ਭਾਵੇਂ ਥੈਰਪੀ ਲਈ ਕੁਝ ਰਕਮ ਯੋਗ ਹੈ)
- ਸਿਰਫ ਸਕੂਲ ਵਿਚ ਵਰਤਿਆ ਜਾਣ ਵਾਲਾ ਸਮਾਨ
- ਮਹੀਨੇ ਦੇ ਸਮਾਰਟ ਫੋਨ ਅਤੇ/ਜਾਂ ਡੇਟਾ ਦਾ ਬਿਲ



ਹੇਠਾਂ ਅਯੋਗ ਖਰਚਿਆਂ ਦੇ ਸਾਮਾਨ ਦੀਆਂ ਕੁਝ ਉਦਾਹਰਣਾਂ ਹਨ:

- ਬੱਚਿਆਂ ਦੀ ਸੰਭਾਲ
- ਰਾਹਤ
- ਆਮ ਮਨ ਪਰਚਾਵੇ ਦੀਆਂ ਕਲਾਸਾਂ, ਜਿਵੇਂ ਕਿ ਤੈਰਾਕੀ ਅਤੇ ਕਰਾਟੇ
- ਡਾਕਟਰੀ ਸੇਵਾਵਾਂ
- ਸੂਬੇ ਤੋਂ ਬਾਹਿਰ ਦੀਆਂ ਸੇਵਾਵਾਂ ਅਤੇ ਉਨ੍ਹਾਂ ਨਾਲ ਸਬੰਧਤ ਸਫਰ

ਇਹ ਸਾਰੇ ਅਯੋਗ ਖਰਚਿਆਂ ਦੀ ਸੂਚੀ ਨਹੀਂ ਹੈ। ਇਹ ਸੁਝਾਅ ਦਿਤਾ ਜਾਂਦਾ ਹੈ ਕਿ
ਪਰਿਵਾਰ ਔਟਿਜ਼ਮ ਫੰਡਿੰਗ ਬਰਾਂਚ ਨਾਲ 1 877 777-3530 ਤੇ ਖਰੀਦੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਚੀਜ਼ਾਂ ਬਾਰੇ ਹੋਰ ਜਾਣਕਾਰੀ ਲਈ ਫੋਨ ਕਰਨ।

## *ਔਟਿਜ਼ਮ ਦਖਲ ਪ੍ਰੋਗਰਾਮ ਤੁਹਾਡੇ 6 ਸਾਲ ਤੋਂ ਘਟ ਉੱਮਰ ਦੇ ਬੱਚੇ ਲਈ*

***MCFD***: ਬੱਚਿਆਂ ਅਤੇ ਪਰਿਵਾਰ ਵਿਕਾਸ ਦਾ ਮੰਤਰਾਲੇ
www.mcf.gov.bc.ca/autism/index.htm

***ACT***: ACT- ਔਟਿਜ਼ਮ ਕਮਿਉਨਿਟੀ ਟ੍ਰੇਨਿੰਗ
www.actcommunity.ca

***ASD***: ਔਟਿਜ਼ਮ ਸਪੈਕਟਰਮ ਡਿਸਆਡਰ (ਦੇਖੋ ਸਫਾ 2)

***RASP***: ਔਟਿਜ਼ਮ ਸੇਵਾ ਪ੍ਰਦਾਨ ਕਰਤਾ ਦੀ ਸੂਚੀ (ਦੇਖੋ ਸਫਾ 10)

***BPI***: ਵਰਤਾਉ ਦਖਲ ਯੋਜਨਾ (ਦੇਖੋ ਸਫਾ 25)

***BC***: ਵਰਤਾਉ ਵਿਸ਼ਲੇਸ਼ਕ (ਦੇਖੋ ਸਫਾ 21)

***SLP***: ਬੋਲੀ–ਭਾਸ਼ਾ ਮਾਹਿਰ (ਦੇਖੋ ਸਫਾ 21)

***OT***: ਕੰਮਕਾਜ ਦੇ ਮਾਹਿਰ (ਦੇਖੋ ਸਫਾ 21)

***PT***: ਫਿਜ਼ੀਉਥੈਰਪਿਸਟ (ਦੇਖੋ ਸਫਾ 21)

1. *MCFD ਨਾਲ ਸੰਪਰਕ ਕਰੋ, ਔਟਿਜ਼ਮ ਪ੍ਰੋਗਰਾਮਾਂ ਦੀ ਅਰਜ਼ੀ ਲਈ*
2. *ਔਟਿਜ਼ਮ ਫੰਡਿਗ ਲਉ : 6 ਸਾਲ ਤੋਂ ਘੱਟ ਉੱਮਰ ਲਈ*
3. *ACT ਜਾਂ ਔਟਿਜ਼ਮ ਦੀਆਂ ਹੋਰ ਸੰਸਥਾਵਾਂ ਨਾਲ ਸੰਪਰਕ ਕਰਕੇ ASD ਦਖਲ ਅਤੇ ਸੇਵਾ ਦੇਣ ਵਾਲੇ ਕਿਵੇਂ ਰਖਣੇ ਹਨ, ਬਾਰੇ ਪਤਾ ਕਰੋ*
4. *RASP ਤੋਂ ਸੇਵਾ ਪ੍ਰਦਾਨ ਕਰਤਾ ਦੀ ਇੰਟਰਵਿਊ ਕਰੋ*
5. *ਵਰਤਾਉ ਸਲਾਹਕਾਰ/ਵਿਸ਼ਲੇਸ਼ਕ BC, RASP ਤੋਂ ਚੁਣੋ* | *SLP, OT ਅਤੇ/ ਜਾਂ PT ਚੁਣੋ RASP ਵਿਚੋਂ, ਆਪਣੇ ਬੱਚੇ ਦੀ ਲੋੜ ਲਈ*
6. *BC ਵਾਲੇ ਵਤੀਰੇ ਸਬੰਧੀ ਯੋਜਨਾ ਮਾਪਿਆਂ ਅਤੇ ਬੱਚੇ ਦੇ SLP, OT, ਅਤੇ/ਜਾਂ PT ਨਾਲ ਮਿਲ ਕੇ ਬਣਾਉਦੇ ਹਨ*
7. *RASP ਮਾਹਿਰਾਂ ਨਾਲ ਮਿਲ ਕੇ ਵਤੀਰੇ ਸਬੰਧੀ ਦਖਲ (BI) (ਲੋੜ ਅਨੁਸਾਰ) ਚੁਣਦੇ ਹਨ BPI ਨੂੰ ਲਾਗੂ ਕਰਨ ਵਿਚ ਮਦਦ ਕਰਨ ਲਈ। BIs ਨੂੰ ਇਕਲਿਆਂ ਕੰਮ ਨਹੀਂ ਕਰਨਾ ਚਾਹੀਦਾ ਸਗੋਂ RASP ਦੇ ਪੇਸ਼ਾਵਰਾਂ ਦੀ ਨਿਗਰਾਨੀ ਹੇਠ ਕਰਨਾ ਚਾਹੀਦਾ ਹੈ*
8. *ਪੇਸ਼ਾਵਰ ਬਕਾਇਦਾ BPI ਵਾਲਿਆਂ ਨੂੰ ਅਪਡੇਟ ਕਰਦੇ ਹਨ, ਬੱਚੇ ਦੀ ਤਰੱਕੀ ਅਨੁਸਾਰ*

## ***ਔਟਿਜ਼ਮ ਫੰਡਿਗ: ਉੱਮਰ 6 ਤੋਂ18:***

ਔਟਿਜ਼ਮ ਫੰਡਿੰਗ ਉੱਮਰ 6 – 18 ਦਾ ਮੁੱਖ ਮਕਸਦ: ਹੈ ਕਿ ਪਰਿਵਾਰਾਂ ਦੀ ਮਦਦ ਕਰਨਾ ਤਾਕਿ ਸਕੂਲ ਤੋਂ ਬਾਹਿਰ ਉਹ ਯੋਗ ਦਖਲ ਸੇਵਾਵਾਂ ਖਰੀਦ ਸਕਣ ਜੋ ਬੱਚੇ ਦੇ ਗਲਬਾਤ ਕਰਣ, ਸਮਾਜਿਕ-ਭਾਵਨਾਤਮਕ, ਵਿਦਿਆ ਅਤੇ ਜ਼ਿੰਦਗੀ ਵਿਚ ਕੰਮ ਆਉਣ ਵਾਲੇ ਹੁਨਰ ਵਧਾਉਣ।

6 ਤੋਂ 18 ਸਾਲ ਦੇ ਬੱਚੇ, ਜਿਨ੍ਹਾਂ ਦੀ ASD ਦੀ ਪਛਾਣ ਹੋਈ ਹੈ, ਦੇ ਪਰਿਵਾਰਾਂ ਨੂੰ $6,000 ਤਕ ਹਰ ਸਾਲ ਯੋਗ ਦਖਲ ਸੇਵਾਵਾਂ, ਜਿਹੜੀਆਂ ਬੱਚੇ ਦੇ ਸਕੂਲ ਜਾਂ ਵਿਦਿਆ ਪ੍ਰੋਗਰਾਮਾਂ ਤੋਂ ਬਾਹਿਰ ਹਨ, ਲਈ ਮਿਲ ਸਕਦਾ ਹੈ (ਕ੍ਰਿਪਾ ਕਰਕੇ ਵਧੀਆ ਅਮਲ ਸਫਾ 23 ਤੇ ਦੇਖੋ) ਸਲਾਨਾ ਫੰਡਿੰਗ ਦੀ 20 ਫੀਸਦੀ ਤਕ ਦੀ ਫੰਡਿੰਗ ਟ੍ਰੇਨਿੰਗ, ਸਫਰ, ਯੋਗ ਔਟਿਜ਼ਮ ਦਖਲ ਸੇਵਾਵਾਂ ਦੇ ਸਾਮਾਨ ਤੇ ਖਰਚੀ ਜਾ ਸਕਦੀ ਹੈ।

### *ਔਟਿਜ਼ਮ ਫੰਡਿੰਗ: ਉੱਮਰ6 ਤੋਂ18: ਕੇਵਲ ਹੇਠਲਿਆਂ ਲਈ ਵਰਤੀ ਜਾ ਸਕਦੀ ਹੈ:*

- ਵਰਤਾਉ ਸਲਾਹਕਾਰ/ਵਿਸ਼ਲੇਸ਼ਕ,
- ਬੋਲੀ-ਭਾਸ਼ਾ-ਮਾਹਿਰ, ਕੰਮ-ਕਾਜ ਥੈਰਪਿਸਟ ਅਤੇ ਸ਼ਰੀਰਿਕ ਥੈਰਪਿਸਟ
- ਵਰਤਾਉ ਸਬੰਧੀ ਦਖਲ ਕਰਤਾ (BI)- (ਇਹ ਜ਼ੋਰਦਾਰ ਸੁਝਾਓ ਦਿਤਾ ਜਾਂਦਾ ਹੈ ਕਿ ਸਾਰੇ BIs ਇਕ ਜਾਂ ਸਾਰੇ ਉੱਪਰ ਲਿਖੇ ਪੇਸ਼ਾਵਰ ਦੀ ਨਿਗਰਾਨੀ ਹੇਠ ਕੰਮ ਕਰਨੇ ਚਾਹੀਦੇ ਹਨ)
- ਜੀਵਨ ਦੇ ਹੁਨਰ ਅਤੇ ਸਮਾਜਿਕ ਹੁਨਰ ਪ੍ਰੋਗਰਾਮ
- ਸਕੂਲ ਤੋਂ ਬਾਹਿਰ ਦੀ ਸਿਖਲਾਈ ਸਹਾਇਤਾ/ਟਿਯੂਸ਼ਨ (ਰੈਗੁਲਰ ਸਕੂਲ ਪ੍ਰੋਗਰਾਮ ਦਾ ਹਿੱਸਾ ਨਹੀਂ)
- ਰਾਹਤ ਵਾਲੀਆਂ ਵਿਸ਼ੇਸ਼ ਗਤਿਵਿਧੀਆਂ ਅਤੇ ਬੱਚੇ ਦੇ ASD ਇਲਾਜ ਲਈ ਲਗਾਏ ਕੈਂਪ
- ਰਜਿਸਟਰਡ ਡਾਈਟਿਸ਼ਨ ਕੋਲੋਂ ਖੁਰਾਕ ਦਾ ਸਲਾਹ-ਮਸ਼ਵਰਾ
- ਪਰਿਵਾਰਿਕ ਕਾਉਨਸਲਿੰਗ/ਥੈਰਪੀ
- ਪੇਸ਼ਾਵਰ / ਮਾਹਿਰ ਵਲੋਂ ਸੁਝਾਵਿਤ ਹੋਰ ਦਖਲ ਇਲਾਜ (ਯੋਗ ਪੇਸ਼ਾਵਰ/ਮਾਹਿਰ ਵਲੋਂ ਸਿਫਾਰਸ਼ੀ ਚਿਠੀ (LOR) ਲੋੜੀਂਦੀ ਹੈ ਅਤੇ ਔਟਿਜ਼ਮ ਫੰਡਿਗ ਬਰਾਂਚ ਦੀ ਲਿਖਤੀ ਪਹਿਲਾਂ-ਮੰਜ਼ੂਰੀ ਦਾ ਵੀ ਸੁਝਾਓ ਦਿਤਾ ਜਾਂਦਾ ਹੈ।
- MCFD ਔਟਿਜ਼ਮ ਫੰਡਿੰਗ ਸਕੂਲ ਤੋਂ ਬਾਹਿਰੀ ਸੇਵਾਵਾਂ ਲਈ ਵੀ ਵਰਤੀ ਜਾ ਸਕਦੀ ਹੈ ਜੇਕਰ ਰਸੀਦ ਤੇ ਕੇਵਲ ਸਕੂਲ ਤੋਂ ਬਾਹਿਰ ਦੀਆਂ ਸੇਵਾਵਾਂ ਲਿਖਿਆ ਹੋਣ। ਦੂਸਰੇ ਅਖਰਾਂ ਵਿਚ MCFD ਔਟਿਜ਼ਮ ਫੰਡਿੰਗ ਸਕੂਲ ਤੋਂ ਪਹਿਲਾਂ ਅਤੇ ਬਾਅਦ ਦੀ ਸਪੋਰਟ, ਟਿਯੂਸ਼ਨ, ਥੈਰਪੀ ਸੇਵਾਵਾਂ ਦੀ ਫੀਸ ਲਈ ਵਰਤੀ ਜਾ ਸਕਦੀ ਹੈ (ਜਿਵੇਂ ਕਿ, ਬੋਲੀ-ਭਾਸ਼ਾ ਥੈਰਪੀ, ਵਰਤਾਉ ਮਸ਼ਵਰਾ), ਅਤੇ ਆਮ ਸਿਖਲਾਈ ਪ੍ਰੋਗਰਾਮਾਂ ਤੋਂ ਬਾਹਿਰ ਦੀਆਂ ਸਮਾਜਿਕ ਸਰਗਰਮੀਆਂ।
- ਪਰਿਵਾਰ ਦਾ ਪ੍ਰਬੰਧਕੀ ਖਰਚਾ (ਜਿਵੇਂ ਕਿ ਹਿਸਾਬ-ਕਿਤਾਬ, $50 ਤਕ ਮਹੀਨੇ ਦਾ ਜਾਂ ਸਿਧੇ ਭੁਗਤਾਨ ਰਾਹੀਂ ਅਕਾਉਂਟੈਂਟ ਦੀ ਫੀਸ, ਵੱਧ ਤੋਂ ਵੱਧ $600 ਹਰ ਫੰਡਿੰਗ ਸਮੇਂ ਦੀ)
- ਲਾਗੂ ਕੰਮ ਦੇ ਮਾਲਿਕ ਦੇ ਖਰਚੇ (ਜਿਵੇਂ ਕਿ ਕਾਮੇ ਦਾ ਆਮਦਨੀ ਟੈਕਸ, ਕੈਨੇਡਾ ਪੈਨਸ਼ਨ ਪਲੈਨ, ਰੋਜ਼ਗਾਰ ਦੀ ਇਨਸ਼ੋਰੈਂਸ ਅਤੇ ਵਰਕਸੇਫ ਬੀ. ਸੀ. ਦੀ ਕਿਸ਼ਤ, ਚਾਰ ਫੀਸਦੀ ਛੁਟੀਆਂ ਦੀ ਤਨਖਾਹ)
- 20 ਫੀਸਦੀ ਤਕ ਦੀ ਫੰਡਿੰਗ ਟ੍ਰੇਨਿੰਗ, ਯੋਗ ਔਟਿਜ਼ਮ ਦਖਲ ਸੇਵਾਵਾਂ ਦੇ ਬੀ.ਸੀ. ਵਿਚਲੇ ਸਫਰ ਖਰਚੇ ਤੇ (ਆਉਣ-ਜਾਣ 80 ਕਿਲੋਮੀਟਰ ਤੋਂ ਵੱਧ) ਲਈ ਅਤੇ ਦਖਲ ਇਲਾਜ ਲਈ ਯੋਗ ਸਾਮਾਨ, ਜਿਹੜਾ ਜਸਟੀਫਿਕੇਸ਼ਨ ਫਾਰ ਇਕਵਿਪਮੈਂਟ/ਸਪਲਾਈ ਫਾਰਮ ਵਿਚ ਪੇਸ਼ਾਵਰ/ਮਾਹਿਰ ਨੇ ਭਰਿਆ ਹੁੰਦਾ ਹੈ, ਲਈ ਵਰਤੀ ਜਾ ਸਕਦੀ ਹੈ। (ਕ੍ਰਿਪਾ ਕਰਕੇ ਹੇਠਾਂ ***ਵੈਬਲਿੰਕਸ*** ਦੇਖੋ ਜਾਂ ਹੋਰ ਜਾਣਕਾਰੀ ਲਈ ਦੇਖੋ ਔਟਿਜ਼ਮ ਫੰਡਿਗ: ਉਮਰ 6 ਤੋਂ 18 -ਅਯੋਗ ਖਰਚੇ, ਸਫਾ 15)

### *ਬੀ. ਸੀ. ਦੇ ਵਿਚ ਟ੍ਰੇਨਿੰਗ ਲੈਣ ਲਈ ਸਫਰ ਖਰਚਾ (ਆਉਣ-ਜਾਣ 80 ਕਿਲੋਮੀਟਰ ਤੋਂ ਵੱਧ):*

- ਮਾਪਿਆਂ ਜਾਂ ਦਖਲ ਇਲਾਜਕਰਤਾ ਲਈ ਕੇਵਲ ਔਟਿਜ਼ਮ ਸਬੰਧੀ ਟ੍ਰੇਨਿੰਗ ਦੀ ਰਜਿਸਟ੍ਰੇਸ਼ਨ ਫੀਸ ਅਤੇ ਸਫਰ ਖਰਚਾ। ਪੋਸਟ ਸੈਕੰਡਰੀ ਕਰੈਡਿਟ ਕੋਰਸਾਂ ਦੀ ਫੀਸ ਯੋਗ ਖਰਚਾ ਨਹੀਂ ਹੈ।
- ਸਫਰ ਖਰਚਾ ਵਿਚ ਸ਼ਾਮਿਲ ਹੈ, ਜਹਾਜ਼, ਬਸ ਜਾਂ ਗਡੀ ਦਾ ਕਿਰਾਇਆ, ਜਾਂ $0.40/ ਕਿਲੋਮੀਟਰ ਦੇ ਹਿਸਾਬ ਨਾਲ ਆਪਣੀ ਗਡੀ ਦਾ ਖਰਚਾ।
- ਹੋਟਲ ਦਾ ਖਰਚਾ ਵੱਧ ਤੋਂ ਵੱਧ $150 ਇਕ ਰਾਤ ਦਾ, ਇਕ ਕਮਰੇ ਦਾ, ਯੋਗ ਹੈ।
- ਪਾਰਕਿੰਗ ਦੇ $15 ਰੋਜ਼ ਦੇ ਮਿਲ ਸਕਦੇ ਹਨ।
- ਫੈਰੀ ਅਤੇ ਟੋਲ ਯੋਗ ਖਰਚੇ ਹਨ।
- ਮਾਪਿਆਂ ਲਈ ਸਿਖਲਾਈ ਕਿਤਾਬਾਂ, ਡੀਵੀਡੀ ਅਤੇ ਵੀਡੀਉ (ਔਟਿਜ਼ਮ ਨਾਲ ਸਬੰਧਤ)

### *ਬੀ. ਸੀ. ਦੇ ਵਿਚ ਦਖਲ ਸੇਵਾਵਾਂ ਤਕ ਪਹੁੰਚਣ ਲਈ ਸਫਰ ਖਰਚਾ (ਆਉਣ-ਜਾਣ 80 ਕਿਲੋਮੀਟਰ ਤੋਂ ਵੱਧ):*

- ਜੇ ਤੁਹਾਡੀ ਆਪਣੀ ਕਮਿਉਨਿਟੀ ਵਿਚ ਸੇਵਾ ਪ੍ਰਦਾਨ ਕਰਤਾ ਨਹੀਂ ਹਨ ਤਾਂ ਤੁਸੀ ਬਚਤ ਵਾਲੀਆਂ ਸੇਵਾਵਾਂ ਆਪਣੇ ਘਰ ਦੇ ਵੱਧ ਤੋਂ ਵਧ ਨੇੜੇ ਲੈ ਕੇ ਉਨ੍ਹਾਂ ਦਾ ਖਰਚਾ ਕਲੇਮ ਕਰ ਸਕਦੇ ਹੋ।
- ਇਸ ਲਈ ਜਾਂ ਤੁਸੀ ਸੇਵਾ ਪ੍ਰਦਾਨ ਕਰਤਾ ਕੋਲ ਜਾ ਸਕਦੇ ਹੋ ਜਾਂ ਸੇਵਾ ਪ੍ਰਦਾਨ ਕਰਤਾ ਨੂੰ ਕਮਿਉਨਿਟੀ ਵਿਚ ਬੁਲਾ ਸਕਦੇ ਹੋ।
- ਸਫਰ ਖਰਚਾ ਵਿਚ ਸ਼ਾਮਿਲ ਹੈ, ਜਹਾਜ਼, ਬਸ ਜਾਂ ਗਡੀ ਦਾ ਕਿਰਾਇਆ, ਜਾਂ $0.40/ ਕਿਲੋਮੀਟਰ ਦੇ ਹਿਸਾਬ ਨਾਲ ਆਪਣੀ ਗਡੀ ਦਾ ਖਰਚਾ।
- ਹੋਟਲ ਦਾ ਖਰਚਾ ਵੱਧ ਤੋਂ ਵੱਧ $150 ਇਕ ਰਾਤ ਦਾ ਇਕ ਕਮਰੇ ਦਾ, ਯੋਗ ਖਰਚਾ ਹੈ।
- ਪਾਰਕਿੰਗ ਦੇ $15 ਰੋਜ਼ ਦੇ ਮਿਲ ਸਕਦੇ ਹਨ।
- ਫੈਰੀ ਅਤੇ ਟੋਲ ਯੋਗ ਖਰਚੇ ਹਨ।

## *ਸਾਜੋ-ਸਾਮਾਨ ਅਤੇ ਸਮੱਗਰੀ ਦਖਲ ਇਲਾਜ ਲਈ:*

ਦਖਲ ਇਲਾਜ ਲਈ ਸਾਜੋ-ਸਾਮਾਨ ਅਤੇ ਸਮੱਗਰੀ ਵਾਸਤੇ ਤੁਹਾਨੂੰ ਜਾਇਜ਼ ਸਾਮਾਨ ਅਤੇ ਸਪਲਾਈ ਫਾਰਮ ਹੇਠਾਂ ਲਿਖੇ ਇਕ ਪੇਸ਼ਾਵਰ/ ਮਾਹਿਰ ਕੋਲੋਂ ਭਰਵਾਉਣ ਦੀ ਲੋੜ ਹੈ:

- ਵਰਤਾਉ ਸਲਾਹਕਾਰ/ਵਿਸ਼ਲੇਸ਼ਕ
- ਫਿਜ਼ਿਉਥੈਰਪਿਸਟ
- ਬੋਲੀ-ਭਾਸ਼ਾ ਮਾਹਿਰ
- ਕੰਮ-ਕਾਜ ਥੈਰਪਿਸਟ
- ਰਜਿਸਟਰਡ (ਭਾਵਨਾਂਵਾਂ ਦਾ ਡਾਕਟਰ) ਸਾਇਕੌਲੋਜਿਸਟ
- ਰਜਿਸਟਰਡ ਸਾਇਕੌਲੋਜਿਸਟ ਦਾ ਸਹਿਯੋਗੀ
- ਦਿਮਾਗੀ ਡਾਕਟਰ
- ਬੱਚਿਆਂ ਦਾ ਡਾਕਟਰ
- ਨਿਊਰੋਲੌਜਿਸਟ
- ਇਕ ਮੰਜ਼ੂਰਸ਼ੁਦਾ JFE ਦੀ ਮਿਆਦ, ਯੋਗ ਪੇਸ਼ਾਵਰ ਦੇ ਦਸਤਖਤ ਹੋਣ ਦੀ ਮਿੱਤੀ ਤੋਂ ਲੈ ਕੇ ਇਕ ਸਾਲ ਤਕ ਹੁੰਦੀ ਹੈ, ਬਸ਼ਰਤੇ ਬੱਚਾ ਔਟਿਜ਼ਮ ਫੰਡਿੰਗ ਦੇ ਯੋਗ ਹੀ ਰਹੇ ਅਤੇ ਸਲਾਨਾ ਫੰਡਿੰਗ 20 ਫੀਸਦੀ ਤੋਂ ਨਾ ਵਧੇ। ਖਰੀਦ ਦੀ ਰਸੀਦ ਦੀ ਮਿਤੀ ਤੋਂ ਉਸ ਫੰਡਿੰਗ ਸਮੇਂ ਦਾ ਪਤਾ ਲਗਦਾ ਹੈ, ਜਦੋਂ ਲੈਣ-ਦੇਣ ਹੋਇਆ ਹੋਵੇ।
- ਇਹ ਕੋਈ ਗਰੰਟੀ JFE ਵਿਚ ਨਹੀ ਹੈ ਕਿ ਕੋਈ ਵਸਤੂ ਔਟਿਜ਼ਮ ਫੰਡਿੰਗ ਦੇ ਯੋਗ ਹੀ ਹੋਵੇਗੀ। ਇਹ ਸੁਝਾਅ ਦਿਤਾ ਜਾਂਦਾ ਹੈ ਕਿ ਪਰਿਵਾਰ JW ਤੋਂ ਮੰਜ਼ੂਰੀ ਮਿਲਣ ਤਕ ਇੰਤਜ਼ਾਰ ਕਰਨ। ਅਯੋਗ ਵਸਤੂਆਂ ਦੀ ਕੀਮਤ ਵਾਪਿਸ ਨਹੀਂ ਮਿਲੇਗੀ।
- ਮੰਜ਼ੂਰਸ਼ੁਦਾ JFE ਦੇ ਮੁਤਾਬਿਕ ਖਰੀਦੀਆਂ ਚੀਜ਼ਾਂ ਬੱਚੇ ਅਤੇ ਪਰਿਵਾਰ ਕੋਲ ਹੀ ਰਹਿਣਗੀਆਂ।

ਸਮਾਨ ਦੀ ਖਰੀਦ ਲਈ ਜਾਂ ਕਰਜ਼ੇ ਲਈ ਹੋਰ ਫੰਡਿੰਗ ਦੇ ਸਾਧਨਾਂ ਬਾਰੇ ਪਤਾ ਕਰੋ। ਪਰ SET-BC ਵਲੋ ਮਜ਼ੂਰਸ਼ੁਦਾ, ਘਰੇਲੂ ਪ੍ਰੋਗਰਾਮਾਂ, ਬਾਕੀ ਏਜੰਸੀਆਂ ਵਲੋਂ ਦਿਤਾ ਸਾਮਾਨ, ਬੱਚੇ ਦੇ ਆਮ ਖਰਚੇ ਦੁਬਾਰਾ ਨਾਂ ਮੰਗੋ। ਕ੍ਰਿਪਾ ਕਰਕੇ ***ਵੈਬਲਿੰਕਸ*** ਦਾ ਸਫਾ SET-BC ਬਾਰੇ ਹੋਰ ਜਾਣਕਾਰੀ ਲਈ ਦੇਖੋ।

## *ਕੰਪਿਊਟਰ, ਟੱਚ ਸਕਰੀਨ ਟੈਬਲਟ ਜਾਂ ਸਮਾਰਟ ਫੋਨ*

- ਕੰਪਿਊਟਿਰ, ਟੱਚ ਸਕਰੀਨ ਟੈਬਲਟ ਖਰੀਦਣ ਜਾਂ ਸਮਾਰਟ ਫੋਨ ਦੀ ਬੇਨਤੀ ਲਿਖ ਕੇ ਜਾਇਜ਼ ਸਮਾਨ ਅਤੇ ਸਮੱਗਰੀ (JFE) ਫਾਰਮ ਬੱਚੇ ਦੇ ਪੇਸ਼ਾਵਰ/ਮਾਹਿਰ ਕੋਲੋਂ ਭਰਵਾ ਕੇ ਭੇਜੋ।
- ਬੱਚੇ ਦੀ ਔਟਿਜ਼ਮ ਫੰਡਿੰਗ ਇਕ ਲੈਪਟਾਪ ਜਾਂ ਡੈਸਕਟਾਪ ਕੰਪਿਊਟਰ, ਜਾਂ ਟੱਚ ਸਕਰੀਨ ਟੈਬਲਟ ਖਰੀਦਣ ਲਈ ਵਰਤੀ ਜਾ ਸਕਦੀ ਹੈ (ਜਿਵੇਂ ਕਿ ਆਈਪੈਡ ਜਾਂ ਆਈ ਟੱਚ ਜਾਂ ਸਮਾਰਟ ਫੋਨ) ਤਿੰਨ ਸਾਲ ਵਿਚ ਸਿਰਫ ਇਕ ਵਾਰ (ਮਹੀਨੇ ਦੇ ਫੋਨ ਬਿਲ ਜਾਂ ਡੇਟਾ ਪਲੈਨ ਯੋਗ ਖਰਚੇ ਨਹੀਂ ਹਨ ਅਤੇ ਪੇਅ ਨਹੀਂ ਕੀਤੇ ਜਾਣਗੇ)

## *ਔਟਿਜ਼ਮ ਫੰਡਿੰਗ: ਉੱਮਰ 6-18 ਅਯੋਗ ਖਰਚੇ*

ਪੇਸ਼ਾਵਰ/ ਮਾਹਿਰ ਵਲੋਂ ਸੁਝਾਵਿਤ ਕੁਝ ਦਖਲ ਸੇਵਾਵਾਂ ਅਤੇ ਸਾਮਾਨ ਅਯੋਗ ਖਰਚੇ ਹੁੰਦੇ ਹਨ। ਹੇਠਾਂ ਅਯੋਗ ਖਰਚਿਆਂ ਦੀਆਂ ਕੁਝ ਉਦਾਹਰਣਾਂ ਹਨ:

- ਘਰੇਲੂ ਮੁਰੰਮਤ, ਘਰ ਸੋਹਣਾ ਬਣਾਉਣਾ, ਤੈਰਾਕੀ ਦੇ ਟੱਬ, ਹੌਟ ਟੱਬ, ਟਰੈਮਪੋਲਿਨ, ਖੇਡ ਦੇ ਮੈਦਾਨ ਦਾ ਸਾਮਾਨ
- ਘਰੇਲੂ ਚੀਜ਼ਾਂ, ਅਪਲਾਇੰਸ
- ਆਮ ਦਿਲ ਪਰਚਾਵੇ ਅਤੇ ਖੇਡਾਂ ਦੀ ਫੀਸ
- ਖੇਡਾਂ/ ਫਿਟਨੈਸ ਦਾ ਸਾਮਾਨ
- ਟੈਲੀਵਿਜ਼ਨ
- ਵਿਟਾਮਿਨ, ਡਾਕਟਰੀ ਸਾਮਾਨ, ਪੈਰਾਂ ਦੇ ਤਲਵੇ
- ਕਪੜੇ
- ਭੋਜਨ (ਥੈਰਪੀ ਲਈ ਛੋਟੀਆਂ ਚੀਜ਼ਾਂ ਸ਼ਾਇਦ ਯੋਗ ਹੋਣ )
- ਕੇਵਲ ਸਕੂਲ ਵਿਚ ਵਰਤੀ ਜਾਣ ਵਾਲੀ ਕੋਈ ਵੀ ਚੀਜ਼
- ਸਮਾਰਟ ਫੋਨਾਂ ਦਾ ਮਹੀਨੇ ਦਾ ਬਿਲ ਅਤੇ/ ਜਾਂ ਡੇਟਾ ਪਲੈਨ

ਹੇਠਾਂ ਅਯੋਗ ਖਰਚਿਆਂ ਵਾਲੀਆਂ ਸੇਵਾਵਾਂ ਦੇ ਕੁਝ ਉਦਾਹਰਣ ਹਨ:

- ਬੱਚਿਆਂ ਦੀ ਸੰਭਾਲ
- ਰਾਹਤ
- ਆਮ ਦਿਲ ਪਰਚਾਵੇ ਲਈ ਕਲਾਸਾਂ
- ਡਾਕਟਰੀ ਸੇਵਾਵਾਂ
- ਸੂਬੇ ਤੋਂ ਬਾਹਿਰ ਦੀਆਂ ਸੇਵਾਵਾਂ ਅਤੇ ਉਨ੍ਹਾਂ ਨਾਲ ਸਬੰਧਤ ਸਫਰ

ਇਹ ਸਾਰੇ ਅਯੋਗ ਖਰਚਿਆਂ ਦੀ ਸੂਚੀ ਨਹੀਂ ਹੈ। ਇਹ ਸੁਝਾਉ ਦਿਤਾ ਜਾਂਦਾ ਹੈ ਕਿ ਪਰਿਵਾਰ ਔਟਿਜ਼ਮ ਫੰਡਿੰਗ ਬਰਾਂਚ ਨਾਲ 1 877 777-3530 ਤੇ ਖਰੀਦੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਚੀਜ਼ਾਂ ਬਾਰੇ ਹੋਰ ਜਾਣਕਾਰੀ ਲਈ ਫੋਨ ਕਰਨ।

### ***ਵੈਬਲਿੰਕਸ***

ਜਸਟੀਫਿਕੇਸ਼ਨ ਫਾਰ ਇਕਵਿਪਮੈਂਟ ਐਂਡ ਸਪਲਾਈ ਫਾਰਮ:
*www.mcf.gov.bc.ca/autism/forms.htm*

SET-BC: *www.setbc.org*

## *ਔਟਿਜ਼ਮ ਪ੍ਰੋਗਰਾਮ ਤਕ ਪਹੁੰਚ*

(ਸਫਾ 9 ਤੇ ਬਣਿਆ ਚਾਰਟ ਦੇਖੋ)

### *ਕਦਮ 1:*

ਇਕ ਵਾਰ ਜਾਇਜ਼ਾ ਪੂਰਾ ਹੋ ਜਾਣ ਤੇ ਤੁਹਾਨੂੰ BCAAN ਡਾਕਟਰੀ ਨਤੀਜੇ ਦਾ ਫਾਰਮ ਜਾਂ Non-BCAAN (ਪ੍ਰਾਈਵੇਟ) ASD ਨਤੀਜੇ ਦਾ ਫਾਰਮ ਮਿਲੇਗਾ। ਜੇ ਫਾਰਮ ਰਾਹੀਂ ASD ਦੀ ਪਛਾਣ ਹੁੰਦੀ ਹੈ ਤੇ ਤੁਸੀ ਔਟਿਜ਼ਮ ਪ੍ਰੋਗਰਾਮਾਂ ਲਈ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਅਹਿਮ ਹੈ ਕਿ ਤੁਸੀ ਸਥਾਨਕ MCFD ਦਫਤਰ ਨਾਲ ਛੇਤੀ ਤੋਂ ਛੇਤੀ ਸੰਪਰਕ ਕਰੋ, ਖਾਸ ਲੋੜਾਂ ਵਾਲੇ ਬਚਿਆਂ ਤੇ ਨੌਜਵਾਨਾਂ ਦੇ ਵਰਕਰ (CYSN) ਨਾਲ ਮੀਟਿੰਗ ਰਖੋ (ਸੰਪਰਕ ਲਈ ਸਫਾ 26 ਦੇਖੋ)।

ਹੇਠ ਲਿਖੇ ਕਾਗਜ਼ਾਤ ਲੋੜੀਂਦੇ ਹਨ:

- BCAAN ਦੇ ਡਾਕਟਰੀ ਨਤੀਜੇ ਦਾ ਫਾਰਮ ਜਾਂ Non-BCAAN (ਪ੍ਰਾਈਵੇਟ) ASD ਨਤੀਜੇ ਦਾ ਫਾਰਮ, ਜਿਸ ਵਿਚ ASD ਦੀ ਪਛਾਣ ਹੋਈ ਹੋਵੇ (ਸਫਾ 6 ਤੇ ਪੱਛਾਣ ਅਤੇ ਜਾਇਜ਼ਾ ਦੇਖੋ)
- ਆਪਣੇ ਬੱਚੇ ਦੀ ਉੱਮਰ ਦਾ ਸਬੂਤ (ਜਿਵੇਂ ਕਿ ਜਨਮ ਦਾ ਪ੍ਰਮਾਣ ਪੱਤਰ)
- ਤੁਹਾੜੇ ਬੱਚੇ ਦਾ ਬੀ.ਸੀ. ਕੇਅਰ ਕਾਰਡ
- ਔਟਿਜ਼ਮ ਪ੍ਰੋਗਰਾਮਾਂ ਲਈ ਅਰਜ਼ੀ

ਜੇ ਤੁਹਾਡੇ ਬੱਚੇ ਦੀ Non-BCAAN (ਪ੍ਰਾਈਵੇਟ) ਪੱਛਾਣ ਹੋਈ ਹੈ ਤਾਂ ਪਰਿਵਾਰਾਂ ਨੂੰ ਆਪਣੇ (ਪ੍ਰਾਈਵੇਟ) ਪੱਛਾਣ ਕਰਤਾ ਵਲੋਂ ਲਿਖਤੀ ਰਿਪੋਰਟ ਦੇਣੀ ਲਾਜ਼ਮੀ ਹੈ ਇਹ ਪੱਕਾ ਕਰਨ ਲਈ ਕਿ ਬੀ ਸੀ ਔਟਿਜ਼ਮ ਦਾ ਸਟੈਂਡਰਡ ਅਤੇ ਸੇਧਾਂ ਪੂਰੀਆਂ ਹੋਇਆਂ ਹਨ ਅਤੇ ਔਟਿਜ਼ਮ ਡਾਇਗਨੌਸਟਿਕ ਔਬਜ਼ਰਵੇਸ਼ਨ ਸਕੈਜ਼ਊਲ (ADOS) ਔਟਿਜ਼ਮ ਡਾਇਗਨੌਸਟਿਕ ਇੰਟਰਵਯੂ-ਸਰਵਿਸਿਜ਼ (ADI-r) ਫੰਡਿਗ ਸ਼ੁਰੂ ਹੋਣ ਤੋਂ ਪਹਿਲਾਂ ਲਾਗੂ ਹੋਏ ਜਨ। ਜਿਹੜੇ ਪਰਿਵਾਰ ਪ੍ਰਾਈਵੇਟ ਅਸੈਸਮੈਂਟ ਖਰੀਦਦੇ ਹਨ, ਨੂੰ ਹਲਾਸ਼ੇਰੀ ਦਿੱਤੀ ਜਾਂਦੀ ਹੈ ਕਿ ਉਹ ਅਸੈਸਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਰਿਪੋਰਟਾਂ ਮਿਲਣ ਦੀ ਮਿੱਤੀ ਬਾਰੇ ਪੁਛ ਲੈਣ।

ਫੰਡਿਗ ਪਰੋਗਰਮਾਂ ਦੀ ਅਰਜ਼ੀ ਮਿਲ ਸਕਦੀ ਹੈ : www.mcf.gov.bc.ca/ autism / ਤੇ ਜਾਂ ਤੁਹਾਡੇ CYSN ਵਰਕਰ ਤੁਹਾਨੂੰ ਦੇ ਸਕਦੇ ਹਨ।

### ਕਦਮ 2:

ਤੁਹਾਡੇ CYSN ਵਰਕਰ ਤੁਹਾਡੇ ਨਾਲ ਮਿਲਣਗੇ:

- ਤੁਹਾਡੇ ਬੱਚੇ ਦੀ ਔਟਿਜ਼ਮ ਪ੍ਰੋਗਰਾਮਾਂ ਲਈ ਯੋਗਤਾ ਦੇਖਣ ਲਈ
- ਔਟਿਜ਼ਮ ਪਰੋਗਰਾਮਾਂ ਅਤੇ ਤੁਹਾਡੀ ਕਮਿਉਨਿਟੀ ਵਿਚ ਉਪਲੱਬਧ ਚੋਣਾ ਬਾਰੇ ਦਸਣ ਲਈ
- MCFD ਰਾਹੀ ਮਿਲਣ ਵਾਲੀਆਂ ਵਾਧੂ ਯੋਜਨਾ ਅਤੇ ਸਹਿਯੋਗ ਸੇਵਾਵਾਂ ਬਾਰੇ ਚਰਚਾ ਕਰਨ ਲਈ ਕ੍ਰਿਪਾ ਕਰਕੇ ਸਾਈਡ ਬਾਰ ਦੇਖੋ।

**ਮਾਪਿਆਂ ਲਈ ਨੁੱਕਤੇ**

***ਤੁਹਾਡੇ ਬੱਚੇ ਦੀ ਫੰਡਿੰਗ ਮਹੀਨੇ ਦੇ ਪਹਿਲੇ ਦਿਨ ਸ਼ੁਰੂ ਹੋ ਜਾਵੇਗੀ, ਜਦੋਂ MCFD ਕੋਲ ਲੋੜੀਂਦੇ ਕਾਗਜ਼ਾਤ ਪਹੁੰਚ ਜਾਣਗੇ। ਇਹ ਸੁਝਾਅ ਦਿਤਾ ਜਾਂਦਾ ਹੈ ਕਿ ਤੁਸੀ ਆਪਣੇ ਸਥਾਨਕ MCFD ਦਫਤਰ ਨੂੰ ਡਾਕ ਜਾਂ ਫੈਕਸ ਰਾਹੀਂ ਲੋੜੀਦੇ ਕਾਗਜ਼ਾਤ CYSN ਵਰਕਰ ਨੂੰ ਮਿਲਣ ਤੋਂ ਪਹਿਲਾਂ ਭੇਜੋ (ਇਸ ਸਫੇ ਦੇ ਵੈਬਲਿੰਕ ਰਾਹੀਂ ਸਾਨੂੰ ਸੰਪਰਕ ਕਰੋ) CYSN ਵਰਕਰ ਕਾਗਜ਼ਾਤ ਦੇਖਣਗੇ ਇਹ ਪੱਕਾ ਕਰਨ ਲਈ ਕਿ ਓਹ ਪੂਰੇ ਹਨ।***

**ਮਾਪਿਆਂ ਲਈ ਨੁੱਕਤੇ**

***ਔਟਿਜ਼ਮ ਪਰੋਗਰਮਾਂ ਤੋਂ ਇਲਾਵਾ MCFD ਵਾਲੇ ਕਈ ਕਿਸਮ ਦੀ ਸਪੋਰਟ ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਦੇਂਦੇ ਹਨ। CYSN ਵਰਕਰ ਇਸ ਸਪੋਰਟ ਬਾਰੇ ਤੁਹਾਨੂੰ ਜਾਣਕਾਰੀ ਦੇਣਗੇ।***

**ਵੈਬਲਿੰਕਸ**

CYSN ਵਰਕਰ ਲਭਣ ਲਈ:
*www.mcf.gov.bc.ca/sda/contacts.htm*

# ਮਾਲੀ (ਫੰਡਿੰਗ) ਚੋਣਾਂ

## *ਬਿਲ ਦਾ ਭੁਗਤਾਨ*

ਬਿਲ ਭੁਗਤਾਨ ਸਮਝੌਤੇ ਰਾਹੀਂ ਪੈਸੇ ਬੱਚੇ ਦੇ ਨਾਂ ਦੇ "ਅਕਾਉਂਟ" ਵਿਚ ਸਰਕਾਰ ਰੱਖ ਦਿੰਦੀ ਹੈ ਅਤੇ ਯੋਗ ਦਖਲ ਸੇਵਾਵਾਂ ਲਈ ਪੈਸੇ ਸਿੱਧੇ ਸੇਵਾ ਪ੍ਰਦਾਨ ਕਰਤਾ ਨੂੰ ਦਿਤੇ ਜਾਂਦੇ ਹਨ।

ਮਾਪੇ ਲੋੜੀਂਦੀਆਂ ਸੇਵਾਵਾਂ ਚੁਣ ਲੈਂਦੇ ਹਨ ਅਤੇ ਸੇਵਾ ਪ੍ਰਦਾਨ ਕਰਤਾ ਦੀ ਔਟਿਜਮ ਫੰਡਿਗ ਬਰਾਂਚ ਨੂੰ ਇਤਲਾਹ ਕਰ ਦਿੰਦੇ ਹਨ, ਸੇਵਾਵਾਂ ਦੇਣ ਵਾਲਾ/ਸਪਲਾਇਰ ਫਾਰਮ ਭਰ ਕੇ ਅਤੇ ਬੇਨਤੀ ਕਰਕੇ। (ਨਾਨ-ਪਰਾਫਿਟ ਏਜੰਸੀ ACT – ਔਟਿਜ਼ਮ ਕਮਿਉਨਿਟੀ ਟਰੇਨਿੰਗ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP) ਦੀ ਸੂਚੀ ਬਣਾ ਕੇ ਰਖਦੀ ਹਨ, ਜਿਸ ਵਿਚੋਂ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਮਾਪੇ ਚੁਣ ਸਕਦੇ ਹਨ। ਵਰਤਾਉ ਸਬੰਧੀ ਦਖਲ (BI) RASP ਨਾਲ ਦਰਜ ਕਰਨ ਦੀ ਲੋੜ ਨਹੀ ਹੈ ਪਰ BIs ਦੀ RASP ਦੇ ਮਾਹਿਰਾਂ ਵਲੋਂ ਨਿਗਰਾਨੀ ਹੋਣੀ ਲਾਜ਼ਮੀ ਹੈ। ਸੇਵਾ ਪ੍ਰਦਾਨ ਕਰਤਾ, ਦਿਤੀਆਂ ਸੇਵਾਵਾਂ ਲਈ ਬਿਲ ਔਟਿਜ਼ਮ ਫੰਡਿੰਗ ਬਰਾਂਚ ਨੂੰ ਭੇਜਦੇ ਹਨ।

MCFD ਸਾਰੇ ਮੰਨਜ਼ੂਰਸ਼ੁਦਾ ਬਿਲ ਪਹੁੰਚਣ ਤੋਂ 30 ਦਿਨ ਦੇ ਅੰਦਰ-ਅੰਦਰ ਭੁਗਤਾਨ ਕਰਨ ਦੇ ਵਚੱਨਬਧ ਹੈ, ਭਾਵੇਂ ਬਹੁਤੇ ਪਹਿਲਾਂ ਹੀ ਭੁਗਤਾ ਦਿਤੇ ਜਾਂਦੇ ਹਨ।

ਅਜਕਲ, MCFD ਸੇਵਾ ਪ੍ਰਦਾਨ ਕਰਤਾ ਕੋਲੋਂ ਮੰਨਜ਼ੂਰਸ਼ੁਦਾ ਸੇਵਾਵਾਂ ਲਈ ਜੋ ਕਿ ਪਹਿਲਾਂ ਹੀ ਦਿਤੀਆਂ ਜਾ ਚੁਕੀਆਂ ਹਨ, ਵਾਸਤੇ ਬਿਲ, ਮਹੀਨੇ ਵਿਚ ਇਕ ਵਾਰ ਤੋਂ ਵੱਧ ਨਾ ਭੇਜਣ ਦੀ ਮੰਗ ਕਰਦੀ ਹੈ। ਬਿਲ, ਜੋ ਕਿ ਅਗਲੀਆਂ ਤਾਰੀਖਾਂ ਦੀਆਂ ਸੇਵਾਵਾਂ ਦੇ ਹਨ ਜਾਂ ਨਾ ਪਹੁੰਚੀਆਂ ਅਪਾਇੰਟਮੈਂਟਾਂ ਦੇ ਹਨ, ਵਾਸਤੇ ਔਟਿਜਮ ਫੰਡਿੰਗ ਪ੍ਰੋਗਰਾਮ ਕੋਲੋਂ ਪੇਸੇ ਲੈਣ ਦੇ ਉਹ ਅਧਿਕਾਰੀ ਨਹੀਂ ਹੋ ਸਕਦੇ। ਸੇਵਾ ਪ੍ਰਦਾਨ ਕਰਤਾ, ਜੋ ਉਸ ਬਿਲ ਦੇ ਅਧੀਨ ਸੇਵਾਵਾਂ ਦੇ ਰਹੇ ਹਨ, ਉਹਨਾਂ ਦੀ ਪੇਮੈਂਟ ਬਿਲ ਮਿਲਣ ਤੋਂ ਬਾਦ ਵੱਧ ਤੋਂ ਵੱਧ ਛੇ ਮਹੀਨੇ ਹੁੰਦੇ ਹਨ, ਜਿਸ ਵਿਚ ਉਹਨਾਂ ਨੇ ਉਹ ਬਿਲ ਔਟਿਜ਼ਮ ਫੰਡਿੰਗ ਬਰਾਂਚ ਨੂੰ ਭੁਗਤਾਨ ਵਾਸਤੇ ਭੇਜਣਾ ਹੁੰਦਾ ਹੈ।

ਮਾਪੇ ਆਪਣੇ ਬੱਚਿਆਂ ਦੇ ਅਕਾਉਂਟ ਵਿਚ ਪੈਸੇ ਦੀ ਰਕਮ ਬਾਰੇ ਤਸੱਲੀ ਕਰਨ ਵਾਸਤੇ ਔਟਿਜਮ ਫੰਡਿੰਗ ਬਰਾਂਚ ਨਾਲ ਕਿਸੇ ਵੇਲੇ ਵੀ ਸੰਪਰਕ ਕਰ ਸਕਦੇ ਹਨ।

ਔਟਿਜ਼ਮ ਫੰਡਿੰਗ ਦੇ ਸਮਝੌਤੇ ਦਾ ਬੱਚੇ ਦੇ ਜਨਮ ਦੇ ਮਹੀਨੇ ਦੇ ਅਖੀਰ ਵਿਚ ਆਪਣੇ ਆਪ ਨਵੀਂਕਰਣ ਹੋ ਜਾਂਦਾ ਹੈ।

*ਮਾਪੇ ਨੌਕਰੀ ਨਾਲ ਸਬੰਧਤ ਖਰਚਿਆਂ ਵਾਸਤੇ ਜਿੰਮੇਵਾਰ ਹਨ, ਜਿਵੇਂ ਕਿ ਕੈਨੇਡਾ ਪੈਨਸ਼ਨ ਪਲੈਨ, ਰੋਜ਼ਗਾਰ ਦੀ ਇਨਸੋਰੈਂਸ ਅਤੇ ਵਰਕਰ ਕੰਪਨਸੇਸ਼ਨ ਬੋਰਡ ਦਾ ਪ੍ਰੀਮੀਅਮ, ਜਿਥੇ ਕੰਮ ਵਾਲੇ/ਕਰਮਚਾਰੀ ਹਨ। MCFD ਮਾਪਿਆਂ ਵਾਸਤੇ ਇਸਦੀ ਪੇਮੈਂਟ ਨਹੀਂ ਕਰ ਸਕਦੇ ਪਰ ਮਾਪਿਆਂ ਨੂੰ ਇਹਨਾਂ ਖਰਚਿਆਂ ਦੇ ਪੈਸੇ ਵਾਪਿਸ ਕਰ ਸਕਦੇ ਹਨ।*

## *ਸਿੱਧਾ ਭੁਗਤਾਨ (12 ਸਾਲ ਅਤੇ ਉੱਪਰ ਦੇ ਬੱਚਿਆਂ ਲਈ)*

ਸਿੱਧੇ ਭੁਗਤਾਨ ਦੇ ਸਮਝੌਤੇ ਰਾਹੀਂ ਪੈਸੇ ਸਿੱਧੇ ਮਾਪਿਆਂ/ਲੀਗਲ ਗਾਰਡੀਅਨ, ਜਿਹਨਾਂ ਨੇ ਸਿੱਧੇ ਭੁਗਤਾਨ ਦੇ ਐਗਰੀਮੈਂਟ ਉੱਤੇ ਬੱਚੇ ਦੇ ਫੰਡਿੰਗ ਮਿਆਦ ਸਮੇਂ ਸਾਈਨ ('ਐਗਰੀਮੈਂਟ ਸਿਗਨੇਟੋਰੀ) ਕੀਤੇ ਹੁੰਦੇ ਹਨ, ਕੋਲ ਜਾਣੇ। ਮਾਪੇ, ਅਧਿਕਾਰੀ ਔਟਿਜ਼ਮ ਦਖਲ ਦੀਆਂ ਉਹ ਸੇਵਾਵਾਂ ਚੁਣ ਸਕਦੇ ਹਨ ਜੋ ਬੱਚੇ ਦੀਆਂ ਲੋੜਾਂ ਵਾਸਤੇ ਵਾਜਿਬ ਹੋਣ ਅਤੇ ਉਹਨਾਂ ਸੇਵਾਵਾਂ ਵਾਸਤੇ, ਮਾਪੇ ਸੇਵਾਵਾਂ ਦੇਣ ਵਾਲਿਆਂ ਨੂੰ ਪੈਸੇ ਦੇਣ ਲਈ ਜਿੰਮੇਵਾਰ ਹੁੰਦੇ ਹਨ।

ਹਰ ਫੰਡਿੰਗ ਸਮੇਂ ਦੇ ਅਖੀਰ ਵਿਚ, ਮਾਂ ਬਾਪ ਨੂੰ ਬੱਚੇ ਦੀ ਔਟਿਜ਼ਮ ਦੀ ਫੰਡਿਗ ਦੇ ਵਰਤੇ ਗਏ ਪੈਸਿਆਂ ਦਾ ਹਿਸਾਬ ਦੇਣ ਦੀ ਲੋੜ ਹੈ। ਜ਼ਰੂਰੀ ਕਾਗਜ਼ਾਂ ਵਿਚ ਸ਼ਾਮਲ ਹਨ, ਉਹ ਕਾਗਜ਼ਾਤ ਜਿਹਨਾਂ ਤੋਂ ਪਤਾ ਚਲਦਾ ਹੋਵੇ ਕਿ ਸੇਵਾਵਾਂ ਕਿਸ ਨੇ ਦਿਤੀਆਂ ਹਨ, ਪੇਮੰਟ ਦਾ ਸਪਸ਼ਟ ਸਬੂਤ (ਜਿਵੇਂ ਕਿ ਬਿਲ, ਰਸੀਦਾਂ, ਔਟਿਜ਼ਮ ਦੀ ਬਰਾਂਚ ਦੀ ਮਨਜ਼ੂਰੀ ਦੀਆਂ ਚਿਠੀਆਂ, ਮੰਜ਼ੂਰਸ਼ੁਦਾ JFE ਦਾ ਫਾਰਮ, ਅਕਾਉਟੈਂਟ ਦੀ ਕਨਫਰਮੇਸ਼ਨ ਦਾ ਫਾਰਮ ਵਗੈਰਾ) ਅਕਾਉਂਟੈਂਟ ਦੀ ਕਨਫਰਮੇਸ਼ਨ ਦਾ ਫਾਰਮ, ਮਾਹਿਰ ਅਕਾਉਂਟੈਂਟ ਤੋਂ ਪੂਰਾ ਭਰਿਆ ਤੇ ਸਾਈਨ ਕੀਤਾ ਹੋਇਆ ਹੋਵੇ, ਇਸ ਦਾ ਮਤਲਬ ਹੈ ਸਰਟੀਫਾਈਡ ਜਨਰਲ ਅਕਾਂਉਂਟੈਂਟ (CGA), ਚਾਰਟਰਡ ਅਕਾਉਂਟੈਂਟ (CA), ਸਰਟੀਫਾਈਡ ਮੈਨੇਜਮੈਂਟ ਅਕਾਉਂਟੈਂਟ (CMA) ਜਾਂ ਚਾਰਟਰਡ ਪਰੋਫੈਸ਼ਨਲ ਅਕਾਉਂਟੈਂਟ (CPA) ਕੋਲੋਂ।

ਸਾਰੇ ਕਾਗਜ਼ਾਤ MCFD ਨੂੰ ਆਡਿਟ ਹੋਣ ਦੇ ਖਿਆਲ ਨਾਲ ਭੇਜੋ। ਜੇ ਇਹ ਪਤਾ ਲਗਦਾ ਹੈ ਕਿ ਔਟਿਜਮ ਦੀ ਫੰਡਿੰਗ ਗੈਰ ਕਾਨੂੰਨੀ ਔਟਿਜ਼ਮ ਖਰਚੇ ਤੇ ਕੀਤੀ ਗਈ ਹੈ ਤਾਂ ਮਾਂ-ਬਾਪ/ਲੀਗਲ ਗਾਰਡੀਅਨ, ਜਿਸ ਨੇ ਸਿੱਧੀ ਪੇਮੈਂਟ ਦੇ ਸਮਝੌਤੇ ਤੇ ਸਾਈਨ ਕੀਤੇ ਹਨ, ਉਸਨੂੰ ਗੈਰ-ਅਧਿਕਾਰੀ ਰਕਮ ਵਾਪਿਸ ਕਰਨੀ ਪਵੇਗੀ। ਕ੍ਰਿਪਾ ਕਰਕੇ ਨੋਟ ਕਰੋ ਕਿ ਆਡਿਟ ਪਹਿਲੀ ਪੇਮੈਂਟ ਤੋਂ ਬਾਦ ਜਾਂ ਕਈ ਸਾਲਾਂ ਬਾਦ ਵੀ ਹੋ ਸਕਦੀ ਹੈ। ਸਿੱਧੀ ਪੇਮੈਂਟ ਦਾ ਸਮਝੌਤਾ ਕੈਂਸਲ ਕੀਤਾ ਜਾ ਸਕਦਾ ਹੈ, ਜੇ ਮਾਂ-ਬਾਪ/ਲੀਗਲ ਗਾਰਡੀਅਨ ਸਮਝੌਤੇ ਦੀਆਂ ਸ਼ਰਤਾਂ ਤੇ ਅਮਲ ਨਹੀਂ ਕਰਦੇ। ਮਾਪੇ ਫੇਰ ਵੀ ਔਟਿਜ਼ਮ ਦੀ ਫੰਡਿੰਗ ਤਕ ਪਹੁੰਚ ਰੱਖ ਸਕਦੇ ਹਨ, ਪਰ ਫੇਰ ਉਹ ਸਿੱਧੀ ਪੇਮੈਂਟ ਰਾਹੀਂ ਅਗੋਂ ਵਾਸਤੇ ਫੰਡਿਗ ਲਈ ਅਧਿਕਾਰੀ ਨਹੀਂ ਹੋ ਸਕਦੇ।

## *ਸਿੱਧੇ ਭੁਗਤਾਨ ਲਈ ਲੋੜਾਂ*

- ਬੱਚੇ ਜਿਹਨਾਂ ਵਿਚ ASD ਪਾਈ ਜਾਂਦੀ ਹੈ, ਉਹਨਾਂ ਦੀ ਉਮਰ 12 ਸਾਲ ਜਾਂ ਵੱਧ ਹੋਣੀ ਚਾਹੀਦੀ ਹੈ;
- ਮਾਪੇ/ਲੀਗਲ ਗਾਰਡੀਅਨ ਜੋ ਸਿੱਧੀ ਪੇਮੈਂਟ ਦੇ ਸਮਝੌਤੇ ਤੇ ਸਾਈਨ ਕਰਦੇ ਹਨ, ਉਹਨਾਂ ਨੂੰ ਸਫਲਤਾਪੂਰਵਕ ('ਐਗਰੀਮੈਂਟ ਸਿਗਨੇਟੋਰੀ') ਦੀ ਬਿਲ ਦੀ ਪੇਮੈਂਟ ਨੂੰ ਘਟੋ-ਘਟ ਪੂਰੇ ਦੋ ਸਾਲ ਵਾਸਤੇ ਮੈਨੇਜ ਕਰਨ ਦੀ ਲੋੜ ਹੈ (ਜਿਵੇਂ ਕਿ 24 ਮਹੀਨੇ);
- ਐਗਰੀਮੈਂਟ ਸਿਗਨੈਟੋਰੀ ਨੂੰ ਪਿਛਲੀ ਔਟਿਜ਼ਮ ਫੰਡਿਗ ਦੇ ਸਮਝੌਤੇ ਦੇ ਅਧੀਨ MCFD ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਤੇ ਅਮਲ ਕਰਨ ਦੀ ਲੋੜ ਹੈ;
- ਮਾਪੇ/ਲੀਗਲ ਗਾਰਡੀਅਨ ਨੂੰ ਔਟਿਜ਼ਮ ਫੰਡਿਗ ਬਰਾਂਚ ਨੂੰ ਮੌਜੂਦਾ ਫੰਡਿੰਗ ਮਿਆਦ ਦੇ ਖਤਮ ਹੋਣ ਤੋਂ 60 ਦਿਨ ਪਹਿਲਾਂ ਇਤਲਾਹ ਕਰਨ ਦੀ ਲੋੜ ਹੈ ਕਿ ਉਹ ਸਿੱਧੀ ਪੇਮੈਂਟ ਵਿਚ ਤਬਦੀਲੀ ਕਰਨਾ ਚਾਹੁੰਦੇ ਹਨ; ਅਤੇ;
- ਮਾਪੇ/ਲੀਗਲ ਗਾਰਡੀਅਨ ਨੂੰ ਆਪਣੇ ਬੱਚੇ ਦੀ ਮੌਜੂਦਾ ਫੰਡਿੰਗ ਮਿਆਦ ਨੂੰ ਪੂਰਾ ਕਰਨ ਦੀ ਲੋੜ ਹੈ, ਬਿਲ ਦੀ ਪੇਮੈਂਟ ਦੇ ਅਧੀਨ, ਨਵੀਂ ਫੰਡਿਗ ਸਿਧੀ ਪੇਮੈਂਟ ਦੇ ਅਧੀਨ ਮਿਆਦ ਤਹਿ ਕਰਨ ਤੋਂ ਪਹਿਲਾਂ।
- ਕ੍ਰਿਪਾ ਕਰਕੇ ਵੇਖੋ "ਅੰਤਿਕਾ 5: ਸਿੱਧੀ ਪੇਮੈਂਟ ਤਕ ਪਹੁੰਚ ਲਈ" ਵਧੇਰੇ ਜਾਣਕਾਰੀ ਲਈ ਕਦਮਾਂ ਵਾਸਤੇ।

## *ਯੋਗ ਭੈਣ-ਭਰਾ ਉੱਮਰ 6-12*

- ਉਹਨਾਂ ਪਰਿਵਾਰਾਂ ਲਈ ਜਿਹਨਾਂ ਵਿਚ ASD ਵਾਲੇ ਇਕ ਤੋਂ ਵੱਧ ਬੱਚੇ ਹਨ, ਪੇਮੈਂਟ ਦੀ ਕਾਰਵਾਈ ਨੂੰ ਆਸਾਨ ਬਨਾਉਣ ਵਾਸਤੇ, ਐਗਰੀਮੈਂਟ ਸਿਗਨੇਟੋਰੀਸ ਕੋਲ ਚੋਣ ਹੈ ਕਿ ਉਹ ਛੋਟੇ ਭੈਣ ਭਰਾ ਜੋ ਕਿ 6-12 ਸਾਲ ਦੇ ਹਨ, ਲਈ ਔਟਿਜ਼ਮ ਫੰਡਿੰਗ ਤਕ ਪਹੁੰਚ ਕਰ ਸਕਦੇ ਹਨ ਸਿੱਧੀ ਪੇਮੈਂਟ ਰਾਂਹੀ।
- ਕਿਸੇ ਵੀ ਛੋਟੇ ਭੇਣ ਭਰਾ ਦੀ ਡਾਇਰੈਕਟ ਪੇਮੈਂਟ ਵਿਚ ਤਬਦੀਲੀ ਉਸ ਬੱਚੇ ਦੀ ਫੰਡਿੰਗ ਮਿਆਦ ਰੀਨੀਊ ਹੋਣ ਸਮੇਂ ਕੀਤੀ ਜਾਣੀ ਚਾਹੀਦੀ ਹੈ।
- 6 ਸਾਲ ਤੋਂ ਛੋਟੇ ਭੈਣ ਭਰਾ ਸਿੱਧੀ ਪੇਮੈਂਟ ਵਾਸਤੇ ਯੋਗ ਨਹੀਂ ਹਨ।



## ਔਟਿਜ਼ਮ ਫੰਡਿੰਗ ਪ੍ਰੋਗਰਾਮ ਅਤੇ ਮਾਪਿਆਂ ਦੀਆਂ ਜ਼ਿੰਮੇਵਾਰੀਆਂ

ਔਟਿਜ਼ਮ ਫੰਡਿਗ ਪ੍ਰੋਗਰਾਮ ਮਾਪਿਆਂ ਮੁਤਾਬਿਕ ਅਤੇ ਉਨ੍ਹਾਂ ਦੀ ਪਸੰਦ ਦੇ ਹੋ ਸਕਦੇ ਹਨ।

ਇਹ ਜਾਨਣਾ ਅਹਿਮ ਹੈ ਕਿ ਇਨ੍ਹਾਂ ਪਰੋਗਰਾਮਾਂ ਨਾਲ ਜ਼ਿੰਮੇਵਾਰਿਆਂ ਵੀ ਜੁੜੀਆਂ ਹਨ। ਤੁਹਾਡੇ ਬਿਲ ਭੁਗਤਾਨ ਸਮਝੌਤੇ ਜਾਂ ਸਿੱਧੇ ਭੁਗਤਾਨ ਸਮਝੌਤੇ ਤੇ ਲਿਖਿਆਂ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਤੇ ਗੌਰ ਕਰੋ ਅਤੇ ਲੋੜ ਪੈਣ ਤੇ ਔਟਿਜ਼ਮ ਫੰਡਿੰਗ ਬਰਾਂਚ ਕੋਲ ਸਪਸ਼ਟੀਕਰਨ ਵਾਸਤੇ ਬੇਨਤੀ ਕਰੋ।

ਮਾਪਿਆਂ ਦੀਆਂ ਜ਼ਿੰਮੇਵਾਰੀਆਂ ਵਿਚ ਸ਼ਾਮਿਲ ਹਨ:

- ਪੈਸੇ ਨੂੰ ਯੋਗ ਔਟਿਜ਼ਮ ਦਖਲ ਤੇ ਹੀ ਖਰਚਣਾ, ਕਿਸੇ ਹੋਰ ਮਕਸਦ ਲਈ ਨਹੀਂ, ਫੰਡਿੰਗ ਸਮਝੌਤੇ ਅਤੇ ਮੌਜੂਦਾ ਪ੍ਰੋਗਰਾਮ ਪਾਲਿਸੀ ਅਨੁਸਾਰ।
- ਕੰਮ ਤੇ ਰੱਖਣਾ ਅਤੇ ਸੇਵਾਵਾਂ ਦੇਣ ਵਾਲਿਆਂ ਉੱਤੇ ਨਿਗਰਾਨੀ।
- ਇਸ ਗਲ ਦੀ ਤਸੱਲੀ ਕਰਨੀ ਕਿ ਸਾਰੇ ਸੇਵਾਵਾਂ ਦੇਣ ਵਾਲੇ ਘੱਟੋ-ਘੱਟ 19 ਸਾਲ ਦੇ ਹੋਣ ਅਤੇ ਓਹਨਾਂ ਦਾ ਕਰਿਮੀਨਲ ਰੀਕਾਰਡ ਬਿਲਕੁਲ ਸਾਫ ਹੋਵੇ।
- ਫੈਸਲਾ ਕਰਨਾ ਕਿ ਮਾਪੇ ਅਤੇ ਸੇਵਾਵਾਂ ਦੇਣ ਵਾਲਿਆਂ ਵਿਚ ਕੰਮ ਵਾਲੇ/ਕਾਮੇ ਵਾਲਾ ਰਿਸ਼ਤਾ ਹੋਵੇ।
- ਕੰਮ ਵਾਲੇ/ਕਾਮੇ ਦੀ ਮੀਟਿੰਗ ਵਿਚ ਜ਼ਰੂਰੀ ਹੈ ਕਿ ਉਹ ਸਬੰਧਤ ਨੌਕਰੀ ਦੇ ਮਿਆਰ ਤੇ ਪੂਰਾ ਉਤਰਨ ਅਤੇ ਕੈਨੇਡਾ ਪੈਨਸ਼ਨ ਪਲੈਨ, ਰੋਜ਼ਗਾਰ ਦੀ ਇਨਸ਼ੋਰੈਂਸ ਅਤੇ ਵਰਕਰ ਕੰਪਨਸੇਸ਼ਨ ਬੋਰਡ – ਵਰਕਸੇਫ ਬੀ. ਸੀ. ਦੀ ਲੋੜੀਂਦੀ ਕਿਸ਼ਤ ਦੇਣ।
- ਜੇ ਬੱਚਾ ਛੇ ਸਾਲ ਤੋਂ ਹੇਠਾਂ ਹੈ; ਤਾਂ ਰਜਿਸਟਰੀ ਆਫ ਔਟਿਜ਼ਮ ਸੇਵਾਵਾਂ ਦੇ ਮਾਹਰ ਦੀਆਂ ਸੇਵਾਵਾਂ ਚੁਣਨ ਵਾਸਤੇ।
- ਐਡਰੈਸ ਵਿਚ ਤਬਦੀਲੀ ਕਰਕੇ, ਬੱਚੇ ਦੀ ਦੇਖਭਾਲ ਜਾਂ ਕਸਟਡੀ ਜਾਂ ਹਾਲਤ ਵਿਚ ਕੋਈ ਤਬਦੀਲੀ ਹੋਈ ਹੈ, ਜਿਸ ਕਰਕੇ ਫੰਡਿਗ ਖਤਮ ਹੋਈ ਹੈ ਜਾਂ ਘੱਟ ਕਰਨ ਦੀ ਲੋੜ ਹੈ ਤਾਂ 30 ਦਿਨ ਦੇ ਅੰਦਰ-ਅੰਦਰ, ਔਟਿਜ਼ਮ ਫੰਡਿਗ ਬਰਾਂਚ ਨੂੰ ਇਤਲਾਹ ਕਰੋ।
- ਔਟਿਜ਼ਮ ਫੰਡਿੰਗ ਬਰਾਂਚ ਨੂੰ ਹਰ ਸੇਵਾਵਾਂ ਦੇਣ ਵਾਲੇ, ਹਰ ਫੰਡਿੰਗ ਬਰਾਂਚ ਲਈ ਸੇਵਾਵਾਂ ਦੇਣ ਵਾਲੇ ਨੂੰ ਅਰਜ਼ੀ ਜਮਾ ਕਰਨ ਵਾਸਤੇ (RTP) ਫਾਰਮ। RTP ਹਰ ਫਡਿੰਗ ਪੀਰੀਅਡ ਵਿਚ ਜਮਾ ਕਰਵਾਉਣ ਦੀ ਲੋੜ ਹੈ ਅਤੇ ਉਸ ਵਿਚ ਵੱਧ ਤੋਂ ਵੱਧ ਰਕਮ, ਜੋ ਸੇਵਾਵਾਂ ਦੇਣ ਵਾਲੇ ਉਸ ਸਮੇਂ ਲਈ ਬਿਲ ਕਰਦੇ ਹਨ, ਉਹ ਸਪਸ਼ਟ ਹੋਵੇ। ਕ੍ਰਿਪਾ ਕਰਕੇ ਨੋਟ ਕਰੋ ਕਿ ਸੇਵਾਵਾਂ ਲਈ ਪੈਸੇ ਵਾਪਿਸ ਨਹੀਂ ਹੋ ਸਕਦੇ; ਕੇਵਲ ਮੰਜ਼ੂਰਸ਼ੁਦਾ ਆਉਣ-ਜਾਣ ਵਾਸਤੇ ਖਰਚੇ, ਟਰੇਨਿੰਗ ਅਤੇ ਸਾਜੋ- ਸਮਾਨ ਖਰੀਦ ਦੇ ਪੈਸੇ ਵਾਪਿਸ ਮਿਲ ਸਕਦੇ ਹਨ)।
- ਔਟਿਜ਼ਮ ਫੰਡਿੰਗ ਬਰਾਂਚ ਨੂੰ ਸੇਵਾਵਾਂ ਅਤੇ ਖਰੀਦੇ ਸਮਾਨ ਵਾਸਤੇ 6 ਮਹੀਨੇ ਦੇ ਅੰਦਰ-ਅੰਦਰ ਬਿਲ ਭੇਜੋ। (ਕ੍ਰਿਪਾ ਕਰਕੇ ਯਾਦ ਰਹੇ ਕਿ ਜਿਸ ਤਾਰੀਖ ਨੂੰ ਸੇਵਾਵਾਂ ਲਈਆਂ ਗਈਆਂ ਸਨ ਜਾਂ ਸਮਾਨ ਖਰੀਦਿਆ ਗਿਆ ਸੀ, ਤੋਂ ਫੈਸਲਾ ਕੀਤਾ ਜਾਂਦਾ ਹੈ ਕਿ ਪੇਮੈਂਟ ਦੀ ਕਾਰਵਾਈ ਉਸ ਫੰਡਿੰਗ ਸਮੇਂ ਤੋਂ ਕੀਤੀ ਜਾਵੇ)।
- ਵਧੇਰੇ ਜ਼ਿੰਮੇਵਾਰਿਆਂ ਬਿਲ ਦੀ ਅਦਾਇਗੀ ਦੇ ਸਮਝੌਤੇ ਤੇ ਲਿਖੀਆਂ ਹਨ ਜਾਂ ਸਿੱਧੇ ਪੇਮੈਂਟ ਦੇ ਸਮਝੌਤੇ ਤੇ ਹਨ।

### *ਵੈਬਲਿੰਕਸ*

ਕੰਮ ਦੇ ਮਾਲਿਕ ਦੀਆਂ ਜ਼ਿੰਮੇਵਾਰਿਆਂ ਅਤੇ ਟੈਕਸ ਬਾਰੇ ਜਾਣਕਾਰੀ ਲਈ ਮਦਦਗਾਰ ਸੋਮੇ:

***ਕੈਨੇਡਾ ਰੈਵਿਨਿਊ ਏਜੰਸੀ***
(ਕੰਮ ਦੇ ਮਾਲਿਕ ਦੀਆਂ ਜ਼ਿੰਮੇਵਾਰਿਆਂ ਬਾਰੇ ਖਾਸ ਜਾਣਕਾਰੀ)
1 800 959-5525
*www.cra-arc.gc.ca/menu-eng.html*

***ਵਰਕਰ ਕੰਪਨਸੇਸ਼ਨ ਬੋਰਡ – ਵਰਕ ਸੇਫ ਬੀ.ਸੀ.***
1 888 922-2768
*www.worksafebc.com/employers_and_small_business/overview/default.asp*

***ਇੰਮਪਲਾਈਮੈਂਟ ਸਟੈਂਨਡਰਡ ਬਰਾਂਚ***
***ਮਨਿਸਟਰੀ ਆਫ ਜਾਬ, ਟੂਰਿਜ਼ਮ ਐਂਡ ਸਕਿਲਜ਼ ਟ੍ਰੇਨਿੰਗ***
1 800 663-3316
(ਜਾਂ ਪ੍ਰਿਸ ਜੌਰਜ ਵਿਚ, ਫੋਨ ਕਰੋ: 250 612-4100)
*www.labour.gov.bc.ca/esb/welcome.htm*

***ਕ੍ਰਿਪਾ ਕਰਕੇ ਨੋਟ ਕਰੋ:*** ਔਟਿਜ਼ਮ ਫੰਡਿੰਗ ਬਰਾਂਚ ਕੰਮ ਦੇ ਮਾਲਿਕ ਦੀਆਂ ਜ਼ਿੰਮੇਵਾਰਿਆਂ ਅਤੇ ਟੈਕਸ ਬਾਰੇ ਸਲਾਹ ਜਾਂ ਜਵਾਬ ਨਹੀਂ ਦੇ ਸਕਦੀ।

## ਪਾਲਣ ਵਾਲੇ ਮਾਪੇ ਅਤੇ ਦੇਖ-ਰੇਖ ਵਿਚ ਬੱਚੇ

ਬੱਚੇ, ਜੋ ਅਧਿਕਾਰਿਤ ਔਟਿਜ਼ਮ ਪ੍ਰੋਗ੍ਰਾਮਾਂ ਦੀ ਦੇਖ ਭਾਲ ਦੇ ਵਿਚ ਹਨ, ਜੇ ਤੁਸੀਂ ਸੋਚਦੇ ਹੋ ਕਿ ਬੱਚਾ ਜਾਂ ਯੁਵਕ, ਜਿਸ ਦੀ ਤੁਸੀਂ ਦੇਖਭਾਲ ਕਰ ਰਹੇ ਹੋ, ਉਸਨੂੰ ਔਟਿਜ਼ਮ ਹੋ ਸਕਦੀ ਹੈ ਤਾਂ ਆਪਣੀ ਚਿੰਤਾ ਵਾਸਤੇ ਗਾਰਡੀਅਨਸ਼ਿਪ ਵਰਕਰ ਨਾਲ ਗਲਬਾਤ ਕਰੋ।

ਬੱਚੇ ਜੋ ASD ਵਾਲੇ ਹਨ, ਦੀ ਦੇਖ ਭਾਲ ਦੀ ਪਹੁੰਚ ਵਾਸਤੇ, ਗਾਰਡੀਅਨਸ਼ਿਪ ਵਰਕਰ ਸਥਾਨਿਕ MCFD ਦੇ ਦਫਤਰ ਨਾਲ ਸੰਪਰਕ ਕਰਦੇ ਹਨ, ਔਟਿਜ਼ਮ ਫੰਡਿੰਗ ਦੀ ਅਰਜ਼ੀ ਪੂਰੀ ਕਰਨ ਵਾਸਤੇ। CYSN ਵਰਕਰ ਫੇਰ ਅਧਿਕਾਰਿਤ ਦੀ ਤਸੱਲੀ ਕਰਦਾ ਹੈ ਅਤੇ ਔਟਿਜ਼ਮ ਦੀ ਫੰਡਿੰਗ ਦੀ ਪਹੁੰਚ ਵਾਸਤੇ ਕੋਸ਼ਿਸ਼ ਆਰੰਭ ਕਰਦਾ ਹੈ।

ਬੱਚੇ, ਜੋ ਸੇਹਤ ਦੀ ਮਦਦ ਵਾਸਤੇ ਦੇਖਭਾਲ ਲੈ ਰਹੇ ਹਨ, ਲਈ ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਹੈਲਥ ਸਪੋਰਟ ਗਾਈਡ ਅਕਸੈਸੀਬਲ ਨੂੰ ਇਥੇ ਜਾ ਕੇ ***ਵੈਬਲਿੰਕਸ*** ਤੇ ਵੇਖੋ।

***ਵੈਬਲਿੰਕਸ***

ਔਟਿਜ਼ਮ ਫੰਡਿੰਗ ਲਈ ਅਰਜ਼ੀ ਫਾਰਮ:
*www.mcf.gov.bc.ca/autism/forms.htm*

**ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ:**
ਹੈਲਥ ਸਪੋਰਟਸ ਫਾਰ ਚਿਲਡਰਨ ਐਂਡ ਯੂਥ ਐਗਰੀਮੈਂਟਸ:
*www.mcf.gov.bc.ca/foster/pdf/health_supports_cic.pdf*



## ਅਪੀਲ ਜਾਂ ਸ਼ਿਕਾਇਤਾਂ

ਜੇ ਤੁਹਾਡਾ ਕੋਈ ਔਟਿਜ਼ਮ ਫੰਡਿੰਗ ਬਰਾਂਚ ਜਾਂ ਔਟਿਜ਼ਮ ਫੰਡਿੰਗ ਬਰਾਂਚ ਦੇ ਫੈਸਲੇ ਬਾਰੇ ਕੋਈ ਸਵਾਲ ਹੈ ਤਾਂ ਔਟਿਜ਼ਮ ਫੰਡਿੰਗ ਬਰਾਂਚ ਨੂੰ ਇਸ ਨੰਬਰ ਤੇ ਸੰਪਰਕ ਕਰੋ 1 877 777-3530। ਜੇ ਤੁਹਾਡੀ ਸ਼ਿਕਾਇਤ ਦਾ ਹਲ ਨਹੀਂ ਹੋਇਆ ਤਾਂ ਔਟਿਜ਼ਮ ਫੰਡਿੰਗ ਬਰਾਂਚ ਦੇ ਸੁਪਰਵਾਈਜ਼ਰ ਨਾਲ 1 877- 777-3530 ਤੇ ਸੰਪਰਕ ਕਰੋ।

ਜੇ ਤੁਹਾਨੂੰ RASP ਦੇ ਸੇਵਾਵਾਂ ਦੇਣ ਵਾਲਿਆਂ ਨਾਲ ਕੋਈ ਸ਼ਿਕਾਇਤ ਹੈ ਤਾਂ ਕ੍ਰਿਪਾ ਕਰਕੇ ACT -ਔਟਿਜ਼ਮ ਕਮਿਉਨਿਟੀ ਟਰੇਨਿੰਗ ਦੇ ਟੋਲ ਫਰੀ ਨੰਬਰ 1 866 939-5188 ਤੇ ਫੋਨ ਕਰੋ, ਇਹ ਪਤਾ ਕਰਨ ਲਈ ਕਿ ਸ਼ਿਕਾਇਤ ਕਿਵੇਂ ਕਰਨੀ ਹੈ।

## ਗੁਪੱਤਤਾ ਅਤੇ ਤੁਹਾਡੀ ਗੋਪਨੀਯਤਾ

ਤੁਹਾਡੀ ਅਤੇ ਤੁਹਾਡੇ ਬੱਚੇ ਦੀ ਨਿਜੀ ਜਾਣਕਾਰੀ, ਬੀਮਾਰੀ ਦਾ ਪਤਾ ਕਰਨ ਲਈ ਅਤੇ ਤੁਹਾਡੀ ਮਦਦ ਅਗੋਂ ਜਾਰੀ ਰੱਖਣ ਵਾਸਤੇ, ਲੋੜੀਂਦੀ ਹੁੰਦੀ ਹੈ। ਸਾਰੀ ਜ਼ਰੂਰੀ ਨਿੱਜੀ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੁੰਦੀ ਹੈ, ਅਤੇ ਫਰੀਡਮ ਆਫ ਇਨਫੋਰਮੇਸ਼ਨ ਐਂਡ ਪਰੋਟੈਕਸ਼ਨ ਐਕਟ (FOIPPA) ਦੇ ਅਧੀਨ ਅਗੋਂ ਦਿਤੀ ਜਾਂਦੀ ਹੈ।

ਔਟਿਜ਼ਮ ਫੰਡਿੰਗ ਬਰਾਂਚ ਬੱਚੇ ਦੇ ਸਮਝੌਤੇ ਦੀ ਹੀ ਜਾਣਕਾਰੀ ਕੇਵਲ ਅਗੋਂ ਦੇ ਸਕਦਾ ਹੈ, ਐਗਰੀਮੈਂਟ ਸਿਗਨੇਟੋਰੀ (ਜਿਵੇਂ ਕਿ ਮਾਪੇ/ ਲੀਗਲ ਗਾਰਡੀਅਨ ਜਿਸ ਨੇ ਔਟਿਜ਼ਮ ਸਮਝੌਤੇ ਤੇ ਸਾਈਨ ਕੀਤੇ ਹਨ) ਨੂੰ। ਜੇ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਇਹ ਜਾਣਕਾਰੀ ਦੇਣਾ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ ਔਟਿਜ਼ਮ ਫੰਡਿੰਗ ਬਰਾਂਚ ਨਾਲ ਸੰਪਰਕ ਕਰੋ ਅਤੇ ਜਾਣਕਾਰੀ ਅਗੋਂ ਦੇਣ ਦਾ ਫਾਰਮ ਮੰਗੋ।

***ਵੈਬਲਿੰਕਸ***

ਫਰੀਡਮ ਆਫ ਇੰਫੋਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਇਵੇਸੀ ਐਕਟ :
*www.bclaws.ca/Recon/document/ID/freeside/96165_00*

## ਮਾਪਿਆਂ ਲਈ ਨੁੱਕਤੇ

*ਮੇਰੇ ਬੱਚੇ ਦਾ ਕੌਣ ਕੰਮ ਕਰੇਗਾ?*

ਤੁਹਾਡੇ ਬੱਚੇ ਦੀਆਂ ਲੋੜਾਂ ਦੇ ਅਧਾਰ ਤੇ, ਉਸਦੀ ਥੈਰਿਪੀ ਦੀ ਟੀਮ ਵਿਚ ਇਹ ਸ਼ਮਿਲ ਹੋ ਸਕਦੇ ਹਨ:

- ***ਵਰਤਾਉ ਵਿਸ਼ਲੇਸ਼ਕ (BA) ਅਤੇ ਵਰਤਾਉ ਸਲਾਹਕਾਰ (BC):*** BAs ਅਤੇ BCs ਉਹ ਮਾਹਿਰ ਹਨ ਜੋ ਜਾਂਚ ਕਰਦੇ ਹਨ, ਦਖ਼ਲ ਵਾਸਤੇ ਵਤੀਰੇ ਦੀ ਪਲੈਨ ਬਣਾਉਂਦੇ ਹਨ (BPI), ਮਾਂ-ਬਾਪ ਨੂੰ ਸਿਖਲਾਈ ਅਤੇ ਦਖਲ ਵਾਸਤੇ ਟ੍ਰੇਨਿੰਗ ਦਿੰਦੇ ਹਨ ਅਤੇ ਇਲਾਜ ਦੇ ਪ੍ਰੋਗਰਾਮ ਤੇ ਲਗਾਤਾਰ ਨਿਗਰਾਨੀ ਰੱਖਦੇ ਹਨ। ਇਲਾਜ ਦੇ ਪ੍ਰੋਗਰਾਮ ਵਿਚ ਕਈ ਕੁਝ ਹੈ, ਜਿਵੇਂ ਕਿ ਬੋਲਣ ਦਾ ਵਤੀਰਾ, ਸਮਾਜਿਕ ਵਤੀਰਾ, ਰੋਜ਼ਾਨਾ ਦੀ ਜਿਦੰਗੀ ਦਾ ਵਤੀਰਾ, ਮੁਸ਼ਕਿਲ ਸੁਲਝਾਉਣ ਦਾ ਵਤੀਰਾ ਵਗੈਰਾ। BAs ਅਤੇ BCs ਜੋ ਬ੍ਰਿਟਿਸ਼ ਕੋਲੰਬੀਆ ਰਜਿਸਟਰੀ ਆਫ ਔਟਿਜ਼ਮ ਸਰਵਿਸਿਸ ਦੇਣ ਵਾਲਿਆਂ ਵਿਚ ਹਨ (RASP) ਨੇ ਜ਼ਰੂਰੀ ਸਿਖਲਾਈ ਅਤੇ ਅਪਲਾਈਡ ਵਰਤਾਉ ਮੁਲਾਂਕਣ (ABA) ਅਤੇ ਔਟਿਜ਼ਮ ਬਾਰੇ ਤਜੁਰਬਾ ਦਰਸਾਇਆ ਹੁੰਦਾ ਹੈ। BC ਅਤੇ BA ਵਿਚ ਫਰਕ ਇਹ ਹੈ ਕਿ BA (ਵਰਤਾਉ ਵਿਸ਼ਲੇਸ਼ਕ) ਕੋਲ "ਬੋਰਡ ਤੋਂ ਪ੍ਰਮਾਣਿਤ ਵਰਤਾਉ ਵਿਸ਼ਲੇਸ਼ਕ" (BCBA) ਦਾ ਸਰਟੀਟਿਕੇਟ ਮਿਲਿਆ ਹੁੰਦਾ ਹੈ। BAs ਅਤੇ BCs ਕੰਮਕਾਜੀ ਵਰਤਾਉ ਦਾ ਜਾਇਜ਼ਾ ਲੈ ਕੇ, ਲੋੜ ਮੁਤਾਬਿਕ ਵਰਤਾਉ ਸਮੱਸਿਆਵਾਂ ਲਈ ਸਪੋਰਟ ਯੋਜਨਾ ਵੀ ਬਨਾ ਸਕਦੇ ਹਨ।
- ***ਬੋਲੀ-ਭਾਸ਼ਾ ਦੇ ਮਾਹਿਰ (SLP):*** SLP ਰਜਿਸਟਰਡ ਮਾਹਿਰ ਹਨ, ਜੋ ਉਹਨਾਂ ਲੋਕਾਂ ਨਾਲ ਕੰਮ ਕਰਦੇ ਹਨ, ਜਿਹਨਾਂ ਨੂੰ ਸੰਚਾਰ ਵਿਚ ਮੁਸ਼ਕਿਲ ਆਂਉਦੀ ਹੈ। ਸੰਚਾਰ ਵਿਚ ਸ਼ਾਮਿਲ ਹਨ, ਸਮਝਣਾ ਅਤੇ ਭਾਸ਼ਾ ਵਰਤਣਾ, ਭਾਸ਼ਾ, ਲਿਖਤੀ ਭਾਸ਼ਾ, ਨਾ ਬੋਲੀ ਭਾਸ਼ਾ ਅਤੇ ਬਦਲ ਵਾਲੀ ਸੰਚਾਰ ਦੀ ਟੈਕਨੋਲੋਜੀ। ਇਕ SLP ਮੁਲਾਂਕਣ ਕਰ ਸਕਦਾ ਹੈ, ਬੀਮਾਰੀ ਲੱਭ ਸਕਦਾ ਹੈ, ਮਸ਼ਵਰਾ ਅਤੇ ਦਖਲ/ਇਲਾਜ ਕਰ ਸਕਦਾ ਹੈ। SLP ਮੂੰਹ ਦੇ ਬੋਲਣ ਦੇ ਹੁਨਰ ਵਿਚ ਮੁਹਾਰਤ ਰੱਖਦਾ ਹੈ, ਜਿਸ ਵਿਚ ਖਾਣਾ, ਪੀਣਾ ਤੇ ਖਾਣਾ ਅੰਦਰ ਲੰਘਾਉਣਾ ਵੀ ਸ਼ਾਮਿਲ ਹੈ।
- ***ਕੰਮਕਾਰ ਦੇ ਥੈਰਿਪਿਸਟ (OT):*** OT ਰਜਿਸਟਰਡ ਮਾਹਿਰ ਹੁੰਦੇ ਹਨ, ਜੋ ਸੇਹਤ ਅਤੇ ਵਧੀਆ ਜੀਵਨ ਜੀਣ ਲਈ ਉਤਸਾਹਿਤ ਕਰਦੇ ਹਨ। ਵਿਵਸਾਇਕ ਥੈਰਿਪੀ ਦਾ ਮੁਢਲਾ ਅਮਲ ਹੈ ਕਿ ਲੋਕਾਂ ਨੂੰ ਜਿਦੰਗੀ ਦੀਆਂ ਹਰ ਰੋਜ਼ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈ ਕੇ ਉਹਨਾਂ ਦੀ ਯੋਗਤਾ ਨੂੰ ਵਧਾਉਣਾ ਜਾਂ ਹਿੱਸਾ ਲੈਣ ਵਾਸਤੇ ਬੇਹਤਰ ਮਦਦ ਕਰਨ ਲਈ ਵਾਤਾਵਰਣ ਨੂੰ ਬਦਲਣਾ। OT ਮੁਲਾਂਕਣ, ਬੀਮਾਰੀ ਦਾ ਪਤਾ ਕਰਨਾ, ਮਸ਼ਵਰਾ ਅਤੇ ਦਖਲ/ਇਲਾਜ ਇਹਨਾਂ ਹਿਸਿਆਂ ਦਾ ਕਰਦੇ ਹਨ, ਜੋ ਖੇਡਣਾ, ਕਪੜੇ ਪਾਉਣਾ, ਖਾਣਾ, ਕੀ ਬੋਰਡਿੰਗ, ਸਮਾਜਿਕ ਹੁੱਨਰ, ਕੰਮ ਕਰ ਸਕਣ ਦੇ ਕਾਬਲ ਤੇ ਕੰਮ ਵਿਚ ਮਦਦ ਕਰਦੇ ਹਨ। OT ਚਲਣ ਫਿਰਨ ਵਿਚ ਕਮੀਆਂ ਵਲ ਧਿਆਨ ਦਿੰਦੇ ਹਨ ਅਤੇ ਓਹਨਾਂ ਦੇ ਅਧੀਨ ਆਪਸੀ ਸਬੰਧ, ਸਮਾਜਿਕ ਅਤੇ/ਜਾਂ ਸੰਵੇਦੀ ਚੁਣੋਤੀਆਂ ਦਾ ਮੁਆਇਨਾ ਕਰਦੇ ਹਨ।
- ***ਸ਼ਰੀਰਿਕ ਥੈਰਿਪਿਸਟ (PT):*** PT ਇਕ ਰਜਿਸਟਰਡ ਮਾਹਿਰ ਹੁੰਦੇ ਹਨ, ਜੋ ਉਹਨਾਂ ਸੇਵਾਵਾਂ ਵਲ ਧਿਆਨ ਦਿੰਦੇ ਹਨ ਜਿਹਨਾਂ ਨਾਲ ਇਹ ਪਤਾ ਚਲ ਸਕੇ ਕਿ ਹਿਲਜੁਲ ਅਤੇ ਹੋਰ ਗਤੀਵਿਧੀ ਕਿਵੇਂ ਹੋ ਰਹੀ ਹੈ। ਸ਼ਰੀਰਕ ਥੈਰਿਪਿਸਟ ਦਾ ਮੁਢਲਾ ਉਦੇਸ਼ ਹੁੰਦਾ ਹੈ; ਉਹਨਾਂ ਦੇ ਸਰੀਰ ਅਨੁਕੂਲ ਗਤੀਸ਼ੀਲਤਾ ਅਤੇ ਸਮੁੱਚੀ ਸੇਹਤ ਅਤੇ ਤੰਦਰੁਸਤੀ ਨੂੰ ਬੇਹਤਰ ਬਨਾਉਣ ਬਾਰੇ ਦਸਣਾ, ਜੀਵਨ ਦੀ ਗੁਣਵੱਤਾ ਵਿਚ ਸੁਧਾਰ ਲਿਆਉਣਾ ਅਤੇ ਹਿਲ ਜੁਲ ਵਿਚ ਸੀਮਾ ਤੇ ਸੀਮਿਤ ਸਰਗਰਮੀਆਂ, ਸੁਧਾਰ ਅਤੇ ਕੰਮ ਅਨੁਕੂਲ ਕੰਮ ਵਿਚ ਅਜ਼ਾਦੀ, ਅਤੇ ਸ਼ਰੀਰਕ ਪ੍ਰਦਰਸ਼ਨ ਨੂੰ ਕਾਇਮ ਰੱਖਣਾ। ਸ਼ਰੀਰਕ ਥੈਰਿਪਿਸਟ ਕਰਮ ਵਿਕਾਸ ਅਤੇ ਰੋਕਥਾਮ ਅਤੇ ਇਲਾਜ ਦਖਲ ਨੂੰ ਲਾਗੂ ਕਰਨ ਵਿਚ ਕੰਮ ਕਰਦੇ ਹਨ ਤੇ ਸੇਵਾਵਾਂ ਮੁਹਈਆ ਕਰਦੇ ਹਨ।
- ***ਵਰਤਾਉ ਸਬੰਧੀ ਦਖਲਕਰਤਾ (BI):*** BI ਇਕ ਪੈਰਾਪਰੋਫੈਸ਼ਨਲ ਹੈ ਜੋ ਵਤੀਰੇ ਸਬੰਧੀ ਮੁਲਾਂਕਣ/ਮਸ਼ਵਰਾ ਤੇ ਜਾਰੀ ਨਿਗਰਾਨੀ ਰੱਖਦੇ ਹਨ, ਉਹ ਭਾਸ਼ਾ ਦੇ ਪੈਥੋਲੋਜਿਸਟ ਜਾਂ ਆਕੁਪੇਸ਼ਨਲ ਥੈਰਾਪਿਸਟ ਹੁੰਦੇ ਹਨ। BI ਦੀ ਮੁੱਢਲੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਦਖਲ ਦੀ ਪਲੈਨ ਬਨਾਉਣ (BPI) ਜੋ ਕਿ ਮਾਹਿਰ ਦੀ ਨਿਗਰਾਨੀ ਹੇਠ ਹੁੰਦੀ ਹੈ। BI ਡੇਟਾ ਅਤੇ ਸਧਾਰਣ ਮੁਲਾਂਕਣ ਵੀ ਇਕੱਠਾ ਕਰਦਾ ਹੈ। BI ਕੋਲ ਇਸ ਗਲ ਦੀ ਮੁਹਾਰਤ ਨਹੀਂ ਹੈ ਕਿ ਉਹ ਇਕਲਿਆਂ ਦਖਲ ਦੀ ਪਲੈਨ ਨੂੰ ਡਿਜ਼ਾਈਨ ਕਰ ਸਕੇ ਜਾਂ ਅਨੁਕੂਲ ਬਣਾ ਸਕੇ। ਉਹ ਕੰਮ ਜੋ BI ਕਰਦੇ ਹਨ, ਉਹ ਉਹਨਾਂ ਦੀ ਸਿਖਲਾਈ, ਤਜੁਰਬੇ ਅਤੇ ਸਮੱਰਥਾ ਦੇ ਅਧਾਰ ਤੇ ਹੋਣਗੇ। BI ਦਾ ਸੁਪਰਵਾਈਜ਼ਰ ਅਖੀਰ ਵਿਚ BI ਦੇ ਕੀਤੇ ਕੰਮ ਵਾਸਤੇ ਜ਼ਿੰਮੇਵਾਰ ਹੁੰਦਾ ਹੈ।

ਜਦੋਂ ਮਾਹਿਰ, ਹੋਰ ਕਿਸੇ ਨੂੰ ਵਾਜਿਬ ਯੋਗਤਾ ਦਰਸਾਉਂਦੇ ਹੋਣ ਅਤੇ ਜੋ ਬੱਚੇ ਅਤੇ ਪਰਿਵਾਰ ਦੀਆਂ ਲੋੜਾਂ ਅਤੇ ਤਾਕਤਾਂ ਵਾਸਤੇ ਵਾਜਿਬ ਅਤੇ ਵਧੀਆ ਇਲਾਜ ਦੇਣ ਦੇ ਯੋਗ ਹੋਣ, ਉਹਨਾਂ ਨੂੰ ਕੰਮ ਤੇ ਰਖਿਆ ਜਾਂਦਾਂ ਹੈ।

ਤੁਹਾਡੇ ਬੱਚੇ ਦੀ ਟੀਮ ਦਾ ਹਰ ਵਿਅਕਤੀ ਕੀ ਕਰੇਗਾ, ਇਸ ਨੂੰ ਸਮਝੋ, ਕਿ ਉਹ ਤੁਹਾਡੇ ਅਤੇ ਤੁਹਾਡੇ ਬੱਚੇ ਤੇ ਕਿੰਨਾਂ ਸਮਾਂ ਬਤੀਤ ਕਰਨਗੇ ਅਤੇ ਉਹ ਸੇਵਾਵਾਂ ਵਾਸਤੇ ਕਿੰਨੇ ਪੈਸੇ ਲੈਣਗੇ। ਤੁਹਾਡਾ ਉਹਨਾਂ ਰੱਖੇ ਮਾਹਿਰਾਂ ਨਾਲ ਲਿਖਤੀ ਠੇਕਾ ਜਾਂ ਸਮਝੌਤਾ ਹੋਣਾ ਚਾਹੀਦਾ ਹੈ। ਕੌਨਟਰੈਕਟ ਤਿਆਰ ਕਰਨ ਅਤੇ ਮਾਹਿਰਾਂ ਦਾ ਤੁਹਾਡੇ ਬੱਚੇ ਨਾਲ ਕੰਮ ਕਰਨ ਵਾਸਤੇ ਜਾਣਕਾਰੀ ACT – ਔਟਿਜ਼ਮ ਕਮਿਉਨਿਟੀ ਟਰੇਨਿੰਗ ਕੋਲੋਂ ਲਉ।

### ਵੈਬਲਿੰਕਸ

ਤੁਹਾਡੇ ਬੱਚੇ ਦੀ ਟੀਮ ਵਿਚ ਹੋਰ ਕੌਣ ਸ਼ਾਮਿਲ ਹੋ ਸਕਦਾ ਹੈ ਬਾਰੇ ਹੋਰ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

ਵਰਤਾਉ ਵਿਸ਼ਲੇਸ਼ਕ:
*http://www.bacb.com/index.php?page=4; and https://bc-aba.org/*

ਬੋਲੀ-ਭਾਸ਼ਾ ਪਥੈਲੋਜਿਸਟ:
*http://www.cshhpbc.org/*; and
*http://www.bcaslpa.ca/*

ਕੰਮ-ਕਾਜ ਦੇ ਥੈਰਪਿਸਟ:
*http://www.cotbc.org/*; and
*http://www.caot.ca/default.asp?pageid=4125*

ਸ਼ਰੀਰਕ ਥੈਰਪਿਸਟ:
*http://cptbc.org/*; ਅਤੇ
*http://bcphysio.org/*




## ਸੇਵਾਵਾਂ ਵਾਸਤੇ ਮੈਨੂੰ ਕਿੰਨੇ ਪੈਸੇ ਦੇਣ ਦੀ ਉਮੀਦ ਰੱਖਣੀ ਚਾਹੀਦੀ ਹੈ?

ਪੀਲੇ ਬਕਸੇ ਉੱਤੇ ਤੁਹਾਡੇ ਅਤੇ ਸੇਵਾਵਾਂ ਦੇਣ ਵਾਲਿਆਂ ਲਈ ਫੀਸ ਤਹਿ ਕਰਨ ਵਾਸਤੇ ਸੇਧ ਹੈ। ਇਹ ਸੇਧਾਂ ਪੇਸ਼ਾਵਰਾਂ ਦੇ ਮਸ਼ਵਰੇ ਨਾਲ ਬਣਾਈਆਂ ਗਈਆਂ ਸਨ ਅਤੇ ਪੇਸ਼ਾਵਰ ਸੰਸਥਾਵਾਂ ਵਲੋਂ ਮੌਜੂਦਾ ਸੇਧਾਂ ਦੇ ਵਿਕਾਸ ਦੇ ਰਿਵਿਉ ਕਰਨ ਤੋਂ ਬਾਅਦ। ਮਾਹਿਰਾਂ ਦੀ ਫੀਸ ਦਾ ਬਹੁਤ ਸਾਰੀਆਂ ਗਲਾਂ ਤੇ ਅਸਰ ਹੋ ਸਕਦਾ ਹੈ, ਰੇਟ ਅਤੇ ਸਿਖਿਆ ਦੇ ਅਨੁਭਵ ਤੇ ਤਜੁਰਬੇ ਦਾ ਇਕ ਦੂਜੇ ਨਾਲ ਸਬੰਧ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

### ਫੀਸ ਵਾਸਤੇ ਸੇਧ

***BC***: $70 – $110 ਪ੍ਰਤੀ ਘੰਟਾ (ਰਜਿਸਟਰਡ ਸਾਇਕੌਲੋਜਿਸਟ: $160 ਘੰਟੇ ਦੇ)

***OT***: $90 – $120 ਘੰਟੇ ਦੇ

***SLP***: $105 – $130 ਘੰਟੇ ਦੇ

***PT***: $75 – 85 ਹਰ ਵਾਰ

***BI(s)***: $10 – $40 ਹਰ ਵਾਰ
$15 ਤੋਂ 20 ਹਰ ਘੰਟ ਦੇ, ਆਮ ਹੈ।

ਸੇਵਾਵਾਂ ਦੇਣ ਵਾਲਿਆਂ ਦਾ ਰੇਟ ਇਹਨਾਂ ਸੇਧਾਂ ਤੋਂ ਵੱਧ-ਘੱਟ ਹੋ ਸਕਦਾ ਹੈ।

## ਮੈਨੂੰ ਕਿਵੇਂ ਪਤਾ ਲਗੇਗਾ ਕਿ ਮੇਰੇ ਬੱਚੇ ਨੂੰ ਵਧਿਆ ਦੱਖਲ ਸੇਵਾ ਮਿਲ ਰਹੀ ਹੈ ?

MCFD ਚਾਹੁੰਦੀ ਹੈ ਕਿ ਦਖਲ ਦੇ ਛੇ ਸਾਲ ਤੋਂ ਛੋਟੇ ਬੱਚਿਆਂ ਦੇ ਪ੍ਰੋਗਰਾਮ ਇਕ ਵਧੀਆ ਅਮਲ ਤੇ ਅਧਾਰਿਤ ਹੋਣ। "ਵਧੀਆਂ ਅਮਲ" ਦਖਲ ਅਤੇ ਤਰੀਕੇ, ਜਿਹਨਾਂ ਨੂੰ ਖੋਜ ਦੇ ਸਬੂਤ ਦਾ ਸਹਿਯੋਗ ਹੈ ਅਤੇ ਉਹ ਪ੍ਰਭਾਵਸ਼ਾਲੀ ਸਾਬਿਤ ਹੋ ਚੁਕੇ ਹੁੰਦੇ ਹਨ। ਇਹ ਜ਼ੋਰਦਾਰ ਸੁਝਾਉ ਦਿਤਾ ਜਾਂਦਾਂ ਹੈ ਕਿ ਇਹ ਵਧੀਆ ਅਮਲ ਛੇ ਸਾਲ ਤੋਂ ਵੱਧ ਉਮਰ ਦੇ ਬੱਚੇ ਲਈ ਵਰਤੇ ਜਾਣ।

### ਔਟਿਜ਼ਮ ਦਖਲ ਲਈ ਵਧੀਆ ਅਮਲ

- ਵਿਅਕਤੀਗਤ ਸੰਖੇਪ ਦਖਲ ਦੀ ਵਤੀਰੇ ਦੀ ਯੋਜਨਾ ਜੋ ਅਨੇਕ ਅਨੁਸ਼ਾਸਨੀ ਕਾਰਨਾਂ ਤੇ ਕੇਂਦਿਰਿਤ ਹੈ, ਅਤੇ ਉਸ ਪ੍ਰੋਗਰਾਮ ਦੇ ਅਧਾਰਿਤ ਹੈ ਜੋ ਇਹਨਾਂ ਗੱਲਾਂ ਤੇ ਜੋਰ ਦਿੰਦਾ ਹੈ: ਵਿਦਿਅਕ, ਗਲਬਾਤ, ਹਿਲਜੁਲ/ਜੀਵਨ ਜਾਂਚ ਦੀ ਸਿਖਲਾਈ।
- ਤੀਬਰ ਇਕਲਿਆਂ ਦੀ (ਘਟੋ-ਘੱਟ ਪਹਿਲੀ ਵਾਰ) ਦੀ ਦਖਲ ਬਾਰੇ ਗਲਬਾਤ ਘਰ ਵਿਚ, ਪ੍ਰੀਸਕੂਲ/ਸਕੂਲ ਅਤੇ ਹੋਰ ਕਈ ਤਰਾਂ ਦੀ ਕਮਿਉਨਿਟੀ ਸੈਟਿੰਗ ਵਿਚ ਪੂਰਾ ਸਾਲ ਭਰ ਹੁੰਦੀ ਹੈ।
- ਪ੍ਰੋਗਰਾਮ, ਪੇਸ਼ਾਵਰਾਂ ਵਲੋਂ ਬਣਾਏ ਜਾਣੇ ਚਾਹੀਦੇ ਹਨ, ਜੋ ਕਿ ਪੂਰੀ ਤਰਾਂ ਸਿਖਲਾਈ ਪ੍ਰਾਪਤ ਹੁੰਦੇ ਹਨ ਅਤੇ ਉਹਨਾਂ ਕੋਲ ਔਟਿਜ਼ਮ ਦੇ ਕੰਮ ਵਿਚ ਤਜੁਰਬਾ ਅਤੇ ਯੋਗਤਾ ਵੀ ਹੁੰਦੀ ਹੈ।
- ਪ੍ਰੋਗਰਾਮ ਦੀ ਯੋਜਨਾ ਦੀ ਲਗਾਤਰ ਮਾਹਿਰਾਂ ਵਲੋਂ ਨਿਗਰਾਨੀ ਤੇ ਮੁਲਾਂਕਣ ਹੋਣਾ ਚਾਹੀਦਾ ਹੈ, ਇਸ ਤੱਸਲੀ ਵਾਸਤੇ ਕਿ ਬੱਚੇ ਵਿਚ ਤਰੱਕੀ ਲਗਾਤਾਰ ਹੋ ਰਹੀ ਹੈ। ਜੇ ਕੋਈ ਤਰੱਕੀ ਨਹੀਂ ਹੋ ਰਹੀ ਤਾਂ ਪ੍ਰੋਗਰਾਮ ਦੀ ਯੋਜਨਾ ਨੂੰ ਲੋੜ ਮੁਤਾਬਿਕ ਬਦਲਿਆ ਜਾ ਸਕਦਾ ਹੈ।
- ਪ੍ਰੇਰਣਾਤਮਕ ਸਮਾਨ ਅਤੇ ਗਤੀਵਿਧੀਆਂ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਦਾ ਰੁਝੇਵਾਂ ਵੱਧ ਸਕੇ (ਜਿਵੇਂ ਕਿ, ਇਹ ਸਮਝੋ ਕਿ ਹਰ ਬੱਚੇ ਦਾ ਕੀ ਉਦੇਸ਼ ਹੈ ਅਤੇ ਨਵੇ, ਹਾਂ-ਪੱਖੀ ਵਤੀਰੇ ਸਿਖਾਉਣ ਵਾਸਤੇ ਉਹ ਪ੍ਰੇਰਣਾਤਮਕ ਚੀਜ਼ਾਂ ਵਰਤੋ)।
- ਮਾਹੋਲ ਨੂੰ ਫਿਰ ਤੋਂ ਬਦਲਣਾ ਅਤੇ ਦਿਖਾਉ ਮਦਦ ਨਵੇਂ ਇਛੁਕ ਵਤੀਰੇ ਵਾਸਤੇ ਵਰਤੇ ਜਾ ਸਕਦੇ ਹਨ-(ਜਿਵੇਂ ਕਿ-ਮਾਹੌਲ ਵਿਚ ਖਿਲਾਰੇ ਨੂੰ ਖਤਮ ਕਰਨਾ; ਦੇਖ ਸਕਣ ਵਾਲੀ ਸਮਾਂਸੂਚੀ; ਚੋਣ ਕਰਨ ਵਾਲੇ ਬੋਰਡ; ਜਾਂ ਅਗੇ ਪਿੱਛੇ ਅਤੇ ਅਦਲਾ-ਬਦਲੀ ਵਾਲੀ ਗਲ ਬਾਤ (AAC) ਵਾਲੇ ਯੰਤਰ ਵਗੈਰਾ)।
- ਮਾਪੇ, ਪਰਿਵਾਰ ਦੇ ਮੈਂਬਰ ਅਤੇ ਦੇਖ ਭਾਲ ਕਰਨ ਵਾਲਿਆਂ ਨੂੰ ਇਸ ਪ੍ਰੋਗਰਾਮ ਦੀ ਯੋਜਨਾ ਵਿਚ ਪੂਰੀ ਤਰਾਂ ਸ਼ਾਮਿਲ ਹੋਣਾ ਚਾਹੀਦਾ ਹੈ ਤਾਂ ਜੋ ਇਸ ਗਲ ਦੀ ਤਸੱਲੀ ਰਹੇ ਕਿ ਟੀਚੇ ਪੂਰੇ ਕਰਨ ਤੇ ਜਿੰਦਗੀ ਦੇ ਗੁਣ ਬੇਹਤਰ ਹੋਣਗੇ।
- ਮਾਪੇ, ਪਰਿਵਾਰ ਦੇ ਮੈਂਬਰ ਅਤੇ ਦੇਖ ਭਾਲ ਕਰਨ ਵਾਲਿਆਂ ਨੂੰ ਦਖਲ ਦੇ ਮਨਸੂਬਿਆਂ ਲਈ ਸਿਖਲਾਈ ਮਿਲਣੀ ਚਾਹੀਦੀ ਹੈ ਤਾਂ ਜੋ ਉਹ ਜਿੰਨਾ ਸੰਭਵ ਹੋ ਸਕੇ ਦਖਲ ਦੇਣ ਵਿਚ ਸ਼ਾਮਿਲ ਹੋ ਸਕਣ।
- ਹੋ ਸਕਣ ਵਾਲੀਆਂ ਸੰਭਾਵਨਾਵਾਂ ਅਤੇ ਰੁਟੀਨ ਹੋਣੀ ਚਾਹੀਦੀ ਹੈ।
- ਦਖਲ ਦਾ ਮੁੱਖ ਕੇਂਦਰ ਸਹਿਯੋਗੀ ਅਤੇ ਵਿਧੀਵਤ ਢੰਗ ਨਾਲ ਸਿਖਲਾਈ ਉੱਪਰ ਹੋਣਾ ਚਾਹੀਦਾ ਹੈ, ਜੋ ਅਪਲਾਈਡ ਵਤੀਰੇ ਦੇ ਮੁਲਾਂਕਣ ਦੀਆਂ ਕੀਮਤਾਂ ਦੇ ਅਧਾਰ ਤੇ ਹੋਵੇ (ABA- ਵੇਰਵਾ ਵੇਖੋ ਸਫਾ 24 ਤੇ), ਇਸ ਵਿਚ ਸ਼ਾਮਿਲ ਹਨ, ਕਈ ਕਿਸਮ ਦੀਆਂ ਜੁਗਤਾਂ, ਜੋ ਤੁਹਾਡੇ ਬੱਚੇ ਨੂੰ ਨਵੇਂ ਹੁਨਰ ਸਿੱਖਣ, ਬਣਾਉਣ ਅਤੇ ਕਾਇਮ ਰੱਖਣ ਵਿਚ ਮਦਦ ਕਰਦੀਆਂ ਹਨ।
- ਦਖਲ ਦੋਵੇਂ ਤਹਿ ਕੀਤੇ ਅਤੇ ਵਧੇਰੇ ਕੁਦਰਤੀ ਮਾਹੌਲ ਵਿਚ ਹੋਣੀ ਚਾਹੀਦੀ ਹੈ।
- ਮੁਸ਼ਕਿਲ ਵਾਲੇ ਵਤੀਰੇ ਨੂੰ ਹਾਂ-ਪੱਖੀ ਬੀਹੇਵਿਅਰਲ ਸਪੋਰਟ ਦੀ (PBS) ਨੀਤੀ ਨਾਲ ਸੁਲਝਾਉਣਾ ਚਾਹੀਦਾ ਹੈ (ਵੇਰਵੇ ਵਾਸਤੇ ਕ੍ਰਿਪਾ ਕਰਕੇ ਸਫਾ 24 ਵੇਖੋ)।
- ਅਨੇਕਾਂ ਤਰਾਂ ਦੇ ਪਿਛੋਕੜ ਵਾਲੇ ਪੇਸ਼ਾਵਰ (ਜਿਵੇਂ ਕਿ ਵਤੀਰੇ ਦੇ ਮੁਲਾਂਕਣ ਕਰਨ ਵਾਲੇ/ਸਲਾਹਕਾਰ, ਬੋਲੀ-ਭਾਸ਼ਾ ਦੇ ਪੈਥੋਲੋਜਿਸਟ, ਕੰਮ ਨਾਲ ਸਬੰਧਿਤ ਥੈਰਾਪਿਸਟ, ਸ਼ਰੀਰਕ ਥੈਰਾਪਿਸਟ, ਮੈਡੀਕਲ ਮਾਹਿਰ ਵਗੈਰਾ) ਨੂੰ ਚਾਹੀਦਾ ਹੈ ਕਿ ਪਰਿਵਾਰ ਨਾਲ ਵਧੀਆ ਤਰੀਕੇ ਨਾਲ ਸਹਿਯੋਗ ਦੇਣ।
- ਸ਼ਮੂਲੀਅਤ ਲਗਾਤਾਰ ਹੋਣੀ ਚਾਹੀਦੀ ਹੈ ਜਿਸ ਵਿਚ ਪਲੈਨ ਕੀਤੇ ਮੌਕੇ ਵੀ ਸ਼ਾਮਿਲ ਹੋਣ, ਜੋ ਇਕੋ ਉੱਮਰ ਦੇ ਵਿਕਸਿਤ ਦੋਸਤਾਂ ਵਾਸਤੇ ਮੇਲ ਜੋਲ ਲਈ ਬਣਾਏ ਹੋਣ।
- ਪ੍ਰੀ ਸਕੂਲ ਤੋਂ ਲੈ ਕੇ ਕਿੰਡਰ ਗਾਰਟਨ; ਮਿਡਲ ਸਕੂਲ ਤੋਂ ਹਾਈ ਸਕੂਲ; ਹਾਈ ਸਕੂਲ ਤੋਂ ਬਾਲਿਗ ਵਗੈਰਾ ਹੋਣ ਤਕ, ਸੋਚੀ ਸਮਝੀ ਯੋਜਨਾ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।
- ਯੁਵਕਾਂ ਵਾਸਤੇ, ਯੋਜਿਤ ਮੌਕੇ ਹੋਣੇ ਚਾਹੀਦੇ ਹਨ, ਉਹਨਾਂ ਦੇ ਹੁਨਰ ਦੇ ਵਿਕਾਸ ਲਈ, ਜਿਸ ਨਾਲ ਉਹਨਾਂ ਦੇ ਜੀਵਨ ਨੂੰ ਬੇਹਤਰ ਬਣਾਇਆ ਜਾ ਸਕੇ (ਜਿਵੇਂ ਕਿ ਰੋਜ਼ਗਾਰ; ਮਨੋਰੰਜਨ; ਸ਼ੁਗਲ; ਸੋਸ਼ਲ ਨੈਟਵਰਕ ਵਗੈਰਾ)।
- ਵਤੀਰੇ ਵਿਚ ਮਿਲ ਰਹੀ ਦਖਲ ਅੰਦਾਜ਼ੀ ਲਗਤਾਰ ਨਿਗਰਾਨੀ ਹੇਠ ਅਤੇ ਯੋਗਤਾ ਪ੍ਰਾਪਤ ਪੇਸ਼ਾਵਰਾਂ ਵਲੋਂ ਹੋਣੀ ਚਾਹੀਦੀ ਹੈ।
- ਬੱਚੇ ਦੀ ਤਰੱਕੀ ਵਾਸਤੇ ਲਗਾਤਾਰ, ਮਾਹਿਰਾਂ ਜਾਂ ਮਾਹਿਰਾਂ ਦੀ ਟੀਮ ਵਲੋਂ ਲਗਾਤਾਰ ਨਿਗਰਾਨੀ ਹੋਣੀ ਚਾਹੀਦੀ ਹੈ।

ਵਧੀਆ ਪ੍ਰੈਕਟਿਸਾਂ ਵਾਸਤੇ ਵਧੇਰੇ ਜਾਣਕਾਰੀ ਲਈ ਜਾਵੋ:

ਨੈਸ਼ਨਲ ਸਟੈਂਡਰਡ ਪਰੋਜੈਕਟ:
*http://www.nationalautismcenter.org/nsp/*

ਦੀ ਯੂ ਐਸ ਨੈਸ਼ਨਲ ਪ੍ਰੋਫੈਸ਼ਨਲ ਡਿਵੈਲਪਮੈਂਟ ਸੈਂਟਰ ਔਨ ਏ ਸੀ ਡੀ:
*http://autismpdc.fpg.unc.edu*

ਦੀ ਯੂ ਐਸ. ਏਜੰਸੀ ਫਾਰ ਹੈਲਥਕੇਅਰ ਰਿਸਰਚ ਐਂਡ ਕੁਵਾਲਟੀ:
*http://www.ahrq.gov*

ਦੀ ਯੂ,ਕੇ. ਨੈਸ਼ਨਲ ਇੰਸਟੀਚਿਊਟ, ਥੇਰਪਿਸਟ ਫਾਰ ਹੈਲਥ ਐਂਡ ਕੇਅਰ ਐਕਸੀਲੈਂਸ:
*http://publications.nice.org.uk/autism-cg170/introduction*

ਨੈਸ਼ਨਲ ਰਿਸਰਚ ਕਾਂਉਸਲ (2001)। ਔਟਿਜ਼ਮ ਵਾਲੇ ਬੱਚਿਆਂ ਨੂੰ ਪੜਾਉਣਾ। ਔਟਿਜ਼ਮ ਵਾਲੇ ਬੱਚਿਆਂ ਦੀ ਵਿਦਿਆ ਲਈ ਦਖਲ ਕਮੇਟੀ, ਵਰਤਾਉ ਅਤੇ ਸੋਸ਼ਲ ਸਇੰਸ ਅਤੇ ਐਜੁਕੇਸ਼ਨ ਦਾ ਵਿਭਾਗ। ਵਾਸ਼ਿੰਗਟਨ, ਡੀ ਸੀ: ਨੈਸ਼ਨਲ ਕਮੇਟੀ ਪਰੈਸ

ਆਪਣੇ ਬੱਚੇ ਲਈ ਜਦੋ ਦਖਲ ਵਾਸਤੇ ਚੋਣ ਕਰ ਰਹੇ ਹੋ ਤਾਂ ਆਪਣੇ ਆਪ ਨੂੰ ਪੁਛੋ, "ਪਹਿਲ ਕਿਸ ਚੀਜ਼ ਨੂੰ ਦੇਨੀ ਹੈ ਅਤੇ ਮੇਰੇ ਬੱਚੇ ਨੂੰ ਕਿੱਥ-ਕਿੱਥੇ ਦਖਲ ਦੀ ਲੋੜ ਹੈ?" ਫੇਰ ਸੰਭਾਵਿਕ ਸੇਵਾਵਾਂ ਦੇਣ ਵਾਲਿਆਂ ਨੂੰ ਪੁਛੋ।

- ਕੀ ਕੋਈ ਖੋਜ ਐਸੀ ਹੈ ਜੋ ਦਰਸਾਉਂਦੀ ਹੋਵੇ ਕਿ ਇਹ ਦਖਲ ਅਸਰਦਾਰ ਹੈ, ਜੇ ਹੈ ਤਾਂ ਕਿਸ ਤਰਾਂ ਦੀ ਖੋਜ ਹੈ?
- ਇਹ ਖੋਜ਼ ਵਾਲੀ ਦਖਲ, ਮੇਰੇ ਬੱਚੇ ਦੇ ਕਾਰਜ ਕਰਨ ਵਿਚ ਕਿਵੇਂ ਬੇਹਤਰ ਮਦਦ ਕਰੇਗੀ?
- ਮੇਰੇ ਬੱਚੇ ਦੀ ਤਰੱਕੀ ਦਾ ਕਿਵੇਂ ਮੁਲਾਂਕਣ ਕੀਤਾ ਜਾਵੇਗਾ?
- ਮਾਪਣ ਦਾ ਢੰਗ ਕੀ ਹੋਵੇਗਾ ਤੇ ਕਦੋਂ-ਕਦੋਂ ਹੋਵੇਗਾ?
- ਪ੍ਰੋਗਰਾਮ ਮੇਰੇ ਬੱਚੇ ਦੀ ਤਰੱਕੀ ਮੁਤਾਬਿਕ ਕਿਵੇਂ ਐਡਜਸਟ ਕਰੇਗਾ?

Adapted from Jack, M., Ady, J. *A Guide to Choosing Interventions for Children with Autism Spectrum Disorders*. Alberta Centre For Child, Family & Community Research, 2006.

### *ਵੈਬਲਿੰਕਸ*

ACT – ਔਟਿਜ਼ਮ ਕਮਿਉਨਿਟੀ ਟ੍ਰੇਨਿੰਗ:
*www.actcommunity.ca/newdiagnosishub*

ਔਟਿਜ਼ਮ ਸਪੋਰਟ ਨੈਟਵਰਕ:
*http://autismsupportbc.ca/*

## ਪਰਿਭਾਸ਼ਾ

ਆਮ ਤੌਰ ਤੇ, *ASD* ਦੇ ਇਲਾਜ ਨੂੰ ਆਪਸੀ ਸਬੰਧਤ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ: ਅਪਲਾਈਡ ਬਿਹੇਵਿਅਰ ਐਨਾਲਿਟਕ ਅਪਰੋਚਾਂ, ਜਿਸ ਵਿਚ ਸ਼ਾਮਿਲ ਹੈ ਐਪਲਾਈਡ ਬਿਹੇਵਿਅਰ ਅਨੈਲਸਿਸ ਅਤੇ ਪੋਜ਼ਿਟਿਵ ਬਿਹੇਵਿਅਰ ਸਪੋਰਟ; ਡਿਵੈਲਪਮੈਂਟਲ ਸੋਸ਼ਲ ਪ੍ਰੈਗਮੈਟਿਕ ਅਪਰੋਚਾਂ; ਅਤੇ ਕੰਪਰੀਹੈਂਸਿਵ, ਨੈਚੁਰੇਲਿਸਟਿਕ ਡਿਵੈਲਪਮੈਂਟਲ ਬਿਹੇਵਿਅਰ ਇੰਟਰਵੈਨਸ਼ੈਨਸ *(NDBIs)*, ਜਾਂ ਮਿਲਾਂ ਕੇ ਅਪਰੋਚਾਂ।

***ਐਪਲਾਈਡ ਬਿਹੇਵੀਅਰ ਅਨੈਲਿਸਿਸ (ABA):*** ਐਪਲਾਈਡ ਬਿਹੇਵੀਅਰ ਅਨੈਲਿਸਿਸ (ABA) ਇਨਸਾਨੀ ਵਤੀਰੇ ਦੀ ਸਾਇੰਸ ਹੈ। ਇਹ ਉਹ ਕਾਰਵਾਈ ਹੈ ਜਿਸ ਵਿਚ ਤਰਤੀਬ ਨਾਲ ਦਖਲ ਲਾਗੂ ਕੀਤਾ ਜਾਂਦਾ ਹੈ ਤਾਂ ਜੋ ਸਮਾਜਿਕ ਮੇਲ ਜੋਲ ਵਿਚ ਸੁਧਾਰ ਹੋ ਸਕੇ ਅਤੇ ਇਹ ਪਤਾ ਲਗ ਸਕੇ ਕਿ ਦਖਲ, ਜੋ ਵਤੀਰੇ ਦੀ ਬੇਹਤਰੀ ਦੇ ਮਨੋਰਥ ਨਾਲ ਵਰਤੇ ਜਾਂਦੇ ਹਨ। *ABA* ਬੁਨਿਆਦੀ ਸਿਖਲਾਈ ਦੇ ਸਿਧਾਂਤ ਵਰਤਦਾ ਹੈ, ਜਿਵੇਂ ਕਿ ਉਹਨਾਂ ਸਿਧਾਂਤਾਂ ਦਾ ਪ੍ਰਬਲੀਕਰਣ ਕੀਤਾ ਜਾਦਾ ਹੈ ਜਿਹਨਾਂ ਨਾਲ ਵਤੀਰੇ ਵਿਚ ਬੇਹਤਰੀ ਹੋਵੇ, ਆਮ ਸਿੱਖਣ ਦਾ ਵਤੀਰਾ ਜਾਂ ਨਾਪਸੰਦ ਵਤੀਰੇ ਨੂੰ ਘਟਾਉਣਾ। ABA ਦੀ ਮੁੱਖ ਵਿਸ਼ੇਸ਼ਤਾ ਹੈ, ਪ੍ਰੋਗਰਾਮ ਅਤੇ ਦਖਲ ਦਾ ਕੇਂਦਰ ਉਹਨਾਂ ਗਲਾਂ ਤੇ ਰੱਖਣਾ ਜਿਹਨਾਂ ਦੇ ਨਤੀਜੇ ਸਿੱਖਣ ਵਾਲੇ ਲਈ ਅਰਥਪੂਰਣ ਹੋਣ। ABP ਦੇ ਸਿਧਾਂਤਾਂ ਦੇ ਅਧਾਰ ਤੇ ਵੱਖ ਵੱਖ ਸਿਖਲਾਈ ਦੇ ਸਿਧਾਂਤ ਵਰਤੇ ਜਾਂਦੇ ਹਨ, ਜਿਵੇਂ ਕਿ "ਸ਼ੇਪਿੰਗ, ਚੇਨਿੰਗ; ਅਲਗ ਜਾਂਚ ਵਾਲੀ ਸਿਖਲਾਈ; ਵਗੈਰਾ" – ABA ਬਾਰੇ ਵਧੇਰੇ ਜਾਣਕਾਰੀ ਲਈ, ਕ੍ਰਿਪਾ ਕਰਕੇ ਇਹ ਵੇਖੋ
*http://www.centerforautism.com/aba-therapy.aspx*

***ਹਾਂ-ਪੱਖੀ ਵਰਤਾਉ ਲਈ ਸਪੋਰਟ (PBS):*** *ਹਾਂ-ਪੱਖੀ ਵਰਤਾਉ ਲਈ ਸਪੋਰਟ (PBS) ਉਹ ਖੋਜ ਅਧਾਰਿਤ ਮਨਸੂਬਾ ਹੈ ਜੋ ਮੁਸ਼ਕਿਲ ਵਾਲੇ ਵਤੀਰੇ ਵਿਚ ਜੀਵਨ ਜੀਉਣ ਦੇ ਗੁਣ ਵਧਾਉਣ ਅਤੇ ਮੁਸ਼ਕਿਲ ਵਾਲੇ ਵਤੀਰੇ ਨੂੰ ਘਟਾਉਣ ਵਾਸਤੇ ਵਰਤਿਆ ਜਾਂਦਾ ਹੈ, ਨਵੇਂ ਤਰੀਕੇ ਨਾਲ ਅਤੇ ਵਿਅਕਤੀ ਦੇ ਮਾਹੋਲ ਵਿਚ ਤਬਦੀਲੀ ਲਿਆ ਕੇ, ਸਿਖਾਂਉਂਦੇ ਹੋਏ। PBS ਟਰੇਂਡ ਸੇਵਾਵਾਂ ਦੇਣ ਵਾਲਿਆਂ ਵਲੋਂ ਕਈ ਤਰਾਂ ਨਾਲ ਵਰਤੀ ਜਾ ਸਕਦੀ ਹੈ। ਇਸ ਵਿਚ ਸਮਾਜਿਕ, ਵਤੀਰਾ ਅਤੇ ਬਾਇਓਮੈਡੀਕ ਸਾਇੰਸ ਸਾਰੇ ਇੱਕਠੇ ਕਰਕੇ, ਜਾਣਕਾਰੀ ਲਾਗੂ ਕੀਤੀ ਜਾਂਦੀ ਹੈ ਤਾਂ ਜੋ ਵਤੀਰੇ ਵਿਚ ਮੁਸ਼ਕਿਲਾਂ ਨੂੰ ਘੱਟ ਕੀਤਾ ਜਾ ਸਕੇ। ਆਮ ਤੌਰ ਤੇ PBS ਪਹਿਲਾਂ ਤੋਂ ਹੀ ਬੱਚਾਉ, ਸਿਖਲਾਈ ਅਤੇ ਪ੍ਰਬਲਿਤ ਦਖਲ ਇਸਤੇਮਾਲ ਕਰਦੇ ਹਨ ਅਤੇ ਵਤੀਰੇ ਨੂੰ ਬੇਹਤਰ ਕਰਨ ਵਿਚ ਮਦਦ ਕਰਦੇ ਹਨ ਤਾਂ ਜੋ ਕੁਦਰਤੀ ਵਾਤਾਵਰਣ ਵਿਚ ਅਰਥ ਪੂਰਣ, ਹੰਢਣਸਾਰ ਅਤੇ ਸਹਾਰਾ ਦੇਣ ਯੋਗ ਬਣ ਸਕੇ। ਵਧੇਰੇ ਜਾਣਕਾਰੀ ਵਾਸਤੇ ਕ੍ਰਿਪਾ ਕਰਕੇ ਇਥੇ ਵੇਖੋ, http://www.apbs.org/.*

***ਡਿਵੈਲਪਮੈਂਟ ਸੋਸ਼ਲ ਪਰੈਗਮੈਟਿਕ (DSP) ਪਹੁੰਚਾ ਹਨ*** *ਜਿਨ੍ਹਾਂ ਦਾ ਮੁਢਲਾ ਸਿਧਾਂਤ ਹੈ ਇਕ ਖਾਸ ਵਿਕਾਸ ਅਤੇ ਖਾਸ ਬੱਚੇ ਕਿਵੇਂ ਗਲੱਬਾਤ ਕਰਨਾ ਸਿੱਖਦੇ ਹਨ। ਉਹਨਾਂ ਦਾ ਧਿਆਨ ਗਲ ਬਾਤ ਸ਼ੁਰੂ ਕਰਨ ਅਤੇ ਸਹਿਜ ਸੁਭਾਉ ਵਲ ਹੁੰਦਾ ਹੈ ਅਤੇ ਬੱਚੇ ਦੇ ਧਿਆਨ ਅਤੇ ਉਤਸਾਹਨ ਵਲ ਵੀ ਕੇਂਦਰਿਤ ਹੁੰਦਾ ਹੈ। ਇਸ ਦਾ ਉਦੇਸ਼ ਹੈ, ਬੱਚੇ ਦੀ ਹਾਂ-ਪੱਖੀ ਯੋਗਤਾ ਵਿਚ ਅਤੇ ਦੂਸਰੇ ਲੋਕਾਂ ਨਾਲ ਅਰਥਪੂਰਣ ਰਿਸ਼ਤਿਆਂ ਵਿਚ ਵਾਧਾ ਕਰਨਾ।*

- *DSP ਪਹੁੰਚਾਂ ਕੰਮ-ਕਾਜ ਕੁਸ਼ਲਤਾ ਤਰਤੀਬ ਨਾਲ ਸਿਖਾਉਣ ਤੇ ਜ਼ੋਰ ਦਿੰਦੀਆਂ ਹਨ, ਜੋ ਵਿਕਾਸ ਲਈ ਮੁਨਾਸਿਬ ਹਨ। ਇਹ ਬੱਚੇ ਵਾਸਤੇ ਹੁੰਦੇ ਹਨ ਤੇ ਬਾਲਗ ਵੀ ਬੱਚੇ ਦੇ ਹਿਤ ਵਿਚ ਹੁੰਗਾਰਾ ਭਰਦੇ ਹਨ; ਇਹ ਰੋਜ਼ਾਨਾ ਕੁਦਰਤੀ ਸਮਾਜਿਕ ਹਵਾਲੇ ਨਾਲ ਸਿਖਾਏ ਜਾਂਦੇ ਹਨ ਅਤੇ ਇਸ ਦੀ "ਗੰਭੀਰਤਾ" ਦਾ ਪਤਾ ਲਗਦਾ ਹੈ ਬੱਚੇ ਦੇ ਸਰਗਰਮੀ ਨਾਲ ਸ਼ਾਮਿਲ ਹੋਣ ਤੋਂ ਨਾ ਕਿ ਹਫਤਿਆਂ ਵਿਚ ਲਾਏ ਘੰਟਿਆਂ ਤੋਂ।*
- *"ਨੇਮ-ਬਰਾਂਡ" DSP ਦੀਆਂ ਪਹੁੰਚਾ ਦੀਆਂ ਉਦਾਰਣਾਂ ਵਿਚ ਸ਼ਾਮਿਲ ਹਨ, ਫਲੋਰਟਾਈਮ/ ਡਿਵੈਲਪਮੈਂਟਲ ਇੰਡੀਵਿਜੁਅਲ-ਡਿਫਰੰਸ ਰਿਲੇਸ਼ਨਸ਼ਿਪ-ਬੇਸਡ (DIR); ਰਿਲੇਸ਼ਨਸ਼ਿਪ ਡਿਵੈਲਪਮੈਂਟਲ ਇੰਟਰਵੈਨਸ਼ਨ (RDI); ਸੋਸ਼ਲ, ਕਮਿਉਨਿਕੇਸ਼ਨ, ਇਮੋਸ਼ਨਲ ਰੈਗੁਲੇਸ਼ਨ ਐਂਡ ਟਰਾਂਸੈਕਸ਼ਨਲ ਸਪੋਰਟ (SCERTS); ਹੈਨਨ: ਮੋਰ ਦੈਨ ਵਰਡਜ਼; ਆਦਿ।*

***ਵਧੇਰੇ ਪਹੁੰਚਾ, ਜਿਨ੍ਹਾਂ ਨੂੰ 'ਨੈਚੁਰਲਿਸਟਿਕ ਡਿਵੈਲਪਮੈਂਟਲ ਬਿਹੇਵਿਅਰਲ ਇੰਟਰਵੈਨਸ਼ਨ' (NDBIs)***
ਵੀ ਕਿਹਾ ਜਾਦਾਂ ਹੈ, ਵਧੀਆ ABA ਅਤੇ DSP ਇੰਟਰਵੈਨਸ਼ਨ ਮਾਡਲ ਦਾ ਜੋੜ ਜਨ। ਇਲਾਜ ਦੇ ਇਸ ਤਰ੍ਹਾਂ ਦੇ ਢੰਗ ਬਿਹੇਵਿਅਰ-ਬੇਸਡ ਸਿਖਲਾਈ ਜਿਹੜੀ ਅਪਲਾਈਡ ਬਿਹੇਵਿਅਰ ਅਨੈਲਿਸਿਸ ਫਾਰ ਸਕਿਲ ਐਕਵੀਜ਼ੇਸ਼ਨ ਅਤੇ DSP ਦੇ ਢੰਗ ਵਰਤਕੇ ਇਨ੍ਹਾਂ ਹੁਨਰਾਂ ਨੂੰ ਆਮ ਅਤੇ ਸਹਿਜ ਢੰਗ ਨਾਲ ਹਾਸਿਲ ਕਰਨ ਵਿਚ ਮਦਦ ਕਰਨਾ। NDBIs ਵਿਕਾਸ ਦੇ ਅਨੁਸਾਰ ਹੁਨਰਾਂ ਅਤੇ ਬੱਚੇ ਅਤੇ ਬਾਲਗ ਵਿਚ ਬਰਾਬਰ ਦੇ ਕੰਟਰੋਲ ਉੱਤੇ ਜੋਰ ਦਿੰਦੀਆਂ ਹਨ।


- *"ਨੇਮ-ਬਰਾਂਡ" NDBIs ਦੀਆਂ ਉਦਾਰਣਾਂ ਵਿਚ ਸ਼ਾਮਿਲ ਹਨ: ਦੀ ਅਰਲੀ ਸਟਾਰਟ ਡੈਨਵਰ ਮਾਡਲ (ESDM); ਪਿਵਟਲ ਰਿਸਪੌਂਸ ਟ੍ਰੇਨਿੰਗ (PRT); ਨੈਚੁਰਲ ਲੈਂਗੁਏਜ ਟੀਚਿੰਗ; TEACCH; ਆਦਿ*

## *ਵਰਤਾਉ ਦਖਲ ਯੋਜਨਾ (BPI) ਕੀ ਹੈ?*

ਵਰਤਾਉ ਦਖਲ ਯੋਜਨਾ (BPI) ਇਕ ਨਿੱਜੀ ਪ੍ਰੋਗਰਾਮ ਹੈ, ਜਿਹੜਾ ਵਿਸ਼ੇਸ਼ ਬੱਚੇ ਲਈ ਬਣਾਏ ਟੀਚਿਆਂ ਦੀ ਸ਼ਨਾਖਤ ਕਰਦਾ ਹੈ, ਜਿਸ ਦਾ ਫੋਕਸ ਹੁੰਦਾ ਹੈ ਬੱਚੇ ਦੀਆਂ ਉਹ ਲੋੜਾਂ ਬਾਰੇ ਪਤਾ ਕਰਨਾ ਜਿਨ੍ਹਾਂ ਲਈ ਉਸਨੂੰ ਦਖਲ ਦੀ ਲੋੜ ਹੁੰਦੀ ਹੈ। ਆਮ ਤੌਰ ਤੇ ਇਹ ਵਰਤਾਉ ਵਿਸ਼ਲੇਸ਼ਕ/ਸਲਾਹਕਾਰ ਬਣਾਂਦਾ ਅਤੇ ਲਿਖਦਾ ਹੈ, ਪਰਿਵਾਰ ਦੇ ਸਹਿਯੋਗ ਨਾਲ, ਜਿਸ ਵਿਚ ਬੱਚੇ ਦੀ ਟੀਮ ਦੇ ਮੈਂਬਰ ਪੇਸ਼ਾਵਰ (ਜਿਵੇਂ ਕਿ ਬੋਲੀ-ਭਾਸ਼ਾ ਮਾਹਿਰ, ਕੰਮਕਾਰ ਦੇ ਥੈਰਿਪਿਸਟ) ਦਾ ਯੋਗਦਾਨ ਵੀ ਹੁੰਦਾ ਹੈ।

ਇਹ ਸੁਝਾਉ ਦਿਤਾ ਜਾਂਦਾ ਹੈ ਕਿ ਤੁਹਾਡੇ ਬੱਚੇ ਨਾਲ ਸ਼ਾਮਿਲ ਸਾਰੇ ਪੇਸ਼ਾਵਰ ਦਖਲ ਦੀ ਯੋਜਨਾ ਦਸਣ, ਜਿਸ ਵਿਚ ਖਾਸ ਟੀਚਿਆਂ, ਇਨ੍ਹਾਂ ਨੂੰ ਪੂਰਾ ਕਰਨ ਦੀ ਵਿਉਂਤ, ਤੇ ਰੈਗੂਲਰ ਮੁੜਗੌਰ ਅਤੇ ਟੀਚੇ ਅਪਡੇਟ ਕਰਨ ਦੀ ਕਾਰਵਾਈ ਵੀ ਹੋਵੇ।

ਇਕ BPI ਹਰ ਬੱਚੇ ਲਈ ਅਸਰਦਾਰ ਅਤੇ ਯੋਗ ਦਖਲਾਂ ਦੀ ਪਹਿਚਾਨ ਕਰਦਾ/ਦੀ ਹੈ। BPI ਬੱਚੇ ਦਾ ਬੇਸ ਸਥਾਪਤ ਕਰਕੇ, "ਬੱਚਾ ਹੁਣ ਕਿਥੇ ਹੈ" ਅਤੇ ਦੇਖਦੇ ਹਨ ਕਿ "ਅਸੀ ਕਿਥੇ ਪਹੁਚੁੰਨਾ ਹੈ" ਇਹ ਇਕ ਨਿਸ਼ਾਨਾ ਵੀ ਹੈ ਕਿ ਦਖਲ ਕਿਵੇਂ ਸ਼ੁਰੂ ਹੋਵੇਗਾ ਅਤੇ ਇਕ ਪਲੇਟਫਾਰਮ ਵੀ ਦੇਂਦੇ ਹਨ ਤੁਹਾਡੇ ਬੱਚੇ ਦੀ ਯੋਜਨਾ ਤੇ ਰੈਗੂਲਰ ਮੁੜ ਗੌਰ ਕਰਨ ਅਤੇ ਉਸਦੀ ਤੱਰਕੀ ਮਾਪਣ ਲਈ। ਇਹ ਅਹਿਮ ਹੈ ਕਿ ਮਾਪੇ ਸਾਰੀ ਯੋਜਨਾ ਉਤੇ ਮੁੜਗੌਰ ਕਰਨ ਦੀ ਕਾਰਵਾਈ ਦਾ ਹਿੱਸਾ ਰਹਿਣ, ਦਖਲ ਇਲਾਜ ਵੈਸੇ ਵੀ ਇਕ ਯੋਜਨਾ ਦੀ ਸੇਧ ਹੇਠ ਹੁੰਦਾ ਹੈ ਅਤੇ ਇਸ ਤੇ ਬਕਾਇਦਾ ਮੁੜਗੌਰ ਕੀਤਾ ਜਾਂਦਾ ਹੈ।



### *ਇਕ ਵਰਤਾਉ ਦਖਲ ਯੋਜਨਾ (ਬੀਪੀਆਈ) ਨੂੰ ਚਾਹੀਦਾ ਹੈ:*

- ਕਿ ਵਧੀਆਂ ਅਮਲਾਂ ਦੇ ਢਾਂਚੇ ਵਿਚ ਪੂਰੀ ਹੋਵੇ
- ਵਿਕਾਸ ਦੇ ਪਾਠਕ੍ਰਮ ਤੇ ਅਧਾਰਿਤ ਹੋਵੇ, ਜਿਸ ਵਿਚ ਸ਼ਾਮਿਲ ਹੋਵੇ: ਵਿਕਾਸ ਦੇ ਹਰ ਖੇਤਰ ਦੇ ਸਾਰੇ ਟੀਚਿਆਂ ਦੀ ਪਹਿਚਾਣ (ਪੜਾਈ, ਗਲਬਾਤ, ਸਮਾਜਿਕ ਹੁਨਰ/ਖੇਡਣ ਦੇ ਹੁੱਨਰ, ਮੋਟਰ ਸੈਂਸਰੀ ਕੰਮ ਅਤੇ ਉੱਤਪਾਦਨ ਦਾ /ਜੀਵਨ ਦੇ ਹੁਨਰ)
- ਸਾਰੇ ਟੀਚਿਆਂ ਵਿਚੋਂ ਖਾਸ ਟੀਚਿਆਂ ਦੀ ਪਹਿਚਾਣ ਕਰਨਾ।
- ਟੀਮ ਦੇ ਮੈਂਬਰ ਖਾਸ ਪੇਸ਼ਾਵਰਾਂ ਕੋਲੋਂ ਮੁਨਾਸਿਬ ਸਲਾਹ ਲੈਣੀ
- ਸਿਖਲਾਈ ਦੀਆਂ ਖਾਸ ਵਿਉਂਤਾਂ ਜਾਂ ਟੀਚੇ ਹਾਸਿਲ ਕਰਨ ਦੇ ਢੰਗ ਲਭਣੇ।
- ਸ਼ੁਰੂ ਵਿਚ ਇਕਠਾ ਕੀਤਾ ਡੇਟਾ ਬੱਚੇ ਦੀ ਤੱਰਕੀ ਤੇ ਨਿਗਰਾਨੀ ਰੱਖਣ ਲਈ ਅਤੇ ਪ੍ਰੋਗਰਾਮ ਵਿਚ ਤਬਦੀਲੀ ਕਰਨ ਦਾ ਅਧਾਰ ਮੰਨਿਆ ਜਾਂਦਾ ਹੈ।
- ਚੁਨੌਤੀ ਵਾਲੇ ਵਤੀਰੇ ਲਈ ਕੰਮ ਆਉਣ ਵਾਲੀ ਨੀਤੀ ਵਰਤੋ
- ਟੀਮ ਮੈਂਬਰਾਂ ਦੀ ਪਹਿਚਾਣ ਕਰਨੀ (ਉਨ੍ਹਾਂ ਦੀ ਸੰਪਰਕ ਜਾਣਕਾਰੀ ਵੀ) ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰਿਆਂ ਦੀ, ਇਹ ਪੱਕਾ ਕਰਨ ਲਈ ਕਿ ਆਪਸੀ ਸਹਿਯੋਗ, ਸੰਪਰਕ ਅਤੇ ਜਵਾਬਦੇਹੀ ਰਹੇ।
- ਰੈਗੂਲਰ ਰਿਵੀਉ ਅਤੇ ਯੋਜਨਾ ਦੀ ਅਪਡੇਟ, ਬੱਚੇ ਦੀਆਂ ਨਿੱਜੀ ਲੋੜਾਂ ਤੇ ਅਧਾਰਿਤ (ਜਿਵੇਂ ਕਿ ਕਿਸੇ ਬੱਚੇ ਨੂੰ ਹਰ ਮਹੀਨੇ ਮੁੜਗੌਰ ਲੋੜੀਦਾਂ ਹੈ), ਦੀਆਂ ਤਰੀਕਾਂ ਦੀ ਲਿਸਟ ਬਣਾਉਣੀ।
- ਸਿੱਖੇ ਹੁਨਰਾਂ ਨੂੰ ਵੱਖ-ਵੱਖ ਹਾਲਤਾਂ ਵਿਚ ਵਰਤਣ ਤੇ ਕਾਇਮ ਰੱਖਣ ਲਈ ਨੀਤੀ ਬਣਾਉਣੀ ਅਤੇ ਪੱਕਾ ਕਰਨਾ ਕਿ ਇਨ੍ਹਾਂ ਤੇ ਬਕਾਇਦਾ ਗਲਬਾਤ, ਨਿਗਰਾਨੀ ਤੇ ਅਪਡੇਟ ਹੁੰਦੀ ਰਹੇ।

ਦੇਖੋ ਸਫਾ 28 ਵਰਤਾਉ ਦਖਲ ਇਲਾਜ ਯੋਜਨਾ (BPI) ਦੀ ਟੈਮਪਲੇਟ ਲਈ।

# ਸਾਡੇ ਨਾਲ ਸੰਪਰਕ ਕਰੋ

ਇਥੇ ਅਸੀਂ ਤੁਹਾਡੀ ਮਦਦ ਲਈ ਹਾਂ ਅਤੇ ਇਹ ਯਕੀਨੀ ਬਨਾਉਣ ਲਈ ਕਿ ਤੁਹਾਨੂੰ ਸਹੀ ਤੇ ਮਦਦ ਵਾਲੀ ਜਾਣਕਾਰੀ ਮਿਲੇ।

## *ਔਟਿਜ਼ਮ ਫੰਡਿਗ ਬਰਾਂਚ*

ਇਹ ਬਰਾਂਚ ਪੈਸੇ ਦੇ ਸਮਝੌਤੇ ਦੀ ਕਾਰਵਾਈ, ਪਰਿਵਾਰਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਪੇਮੈਂਟ ਅਤੇ ਪੈਸੇ ਦੇ ਮੇਲ ਵਾਸਤੇ ਜਿੰਮੇਵਾਰ ਹੈ।

ਆਮ ਜਾਣਕਾਰੀ ਅਤੇ ਮਾਂ ਬਾਪ ਦੀਆਂ ਫੰਡਿੰਗ ਸਮਝੌਤੇ ਨਾਲ ਸਬੰਧਿਤ ਦੀ ਵਧੇਰੇ ਜਾਣਕਾਰੀ ਲਈ ਫੋਨ ਕਰੋ:

| | |
|---|---|
| ਵਿਕਟੋਰੀਆ ਵਿਚ | 250 387-3530 |
| ਟੋਲ ਫਰੀ: | 1 877 777-3530 (ਟਰਾਂਸਲੇਸ਼ਨ ਦੀਆਂ ਸੇਵਾਵਾਂ ਉਪਲੱਬਧ ਹਨ) |
| ਫੈਕਸ: | 250 356-8578 |
| ਵੈਬ: | www.mcf.gov.bc.ca/autism/index.htm |
| ਈ ਮੇਲ: | MCF.AutismFundingUnit@gov.bc.ca |
| ਡਾਕ ਰਾਹੀਂ: | Autism Funding Branch<br>P.O. Box 9776<br>Victoria, B.C. V8W 9S5 |

## *ਸਰਵਿਸ ਬੀ ਸੀ*

ਸਰਵਿਸ ਬੀ ਸੀ ਜਾਣਕਾਰੀ ਦਿੰਦੀ ਹੈ ਅਤੇ ਰੈਫਰਲ ਦੀਆਂ ਸੇਵਾਵਾਂ ਸਾਰੇ ਸੂਬਾਈ ਸਰਕਾਰ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਦਿੰਦੀ ਹੈ ਅਤੇ ਤੁਹਾਨੂੰ ਸਥਾਨਿਕ ਮਨਿਸਟਰੀ ਦੇ ਦਫਤਰ ਨਾਲ ਸੰਪਰਕ ਦੀ ਜਾਣਕਾਰੀ ਦਿੰਦੀ ਹੈ।

| | |
|---|---|
| ਵਿਕਟੋਰੀਆ ਵਿਚ: | 250 387-6121 |
| ਵੈਨਕੂਵਰ ਵਿਚ: | 604 660-2421 |
| ਬਾਕੀ ਬੀ ਸੀ ਵਿਚ ਵੀ: | 1 800 663-7867 |



## ਅੰਤਿਕਾ 1 : ਬੀ.ਸੀ. ਸਰਵਿਸ ਅਤੇ ਔਟਿਜ਼ਮ ਸੰਸਥਾਵਾਂ

### ACT – ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਸੁਸਾਇਟੀ

ਇਹ MCFD ਵਲੋਂ ਮਾਲੀ ਸਹਾਇਤਾ ਮਿਲੀ ਇਕ ਮੁਨਾਫਾ ਰਹਿਤ ਸੁਸਾਇਟੀ ਹੈ, ਜਿਹੜੀ ਬੀ. ਸੀ. ਵਿਚ ਔਟਿਜ਼ਮ ਦੀਆਂ ਸੇਵਾਵਾਂ ਬਾਰੇ ਜਾਣਕਾਰੀ, ਸੋਮੇ ਓਤੇ ਟ੍ਰੇਨਿੰਗ ਪ੍ਰਦਾਨ ਕਰਦੀ ਹੈ। ACT ਕੋਲ ਮਨਿਸਟਰੀ ਦੀ ਔਟਿਜ਼ਮ ਸੇਵਾਵਾਂ ਪ੍ਰਦਾਨ ਕਰਤਾ ਦੀ ਰਜਿਸਟਰੀ ਹੈ।

Tel: 604 205-5467, ਮੁਫਤ ਲਾਈਨ: 1 866 939-5188

ਫੋਨ: *info@actcommunity.ca*

ਈ-ਮੇਲ: *www.actcommunity.ca*

### BC ਦੀ ਔਟਿਜ਼ਮ ਸੁਸਾਇਟੀ

ਇਹ ਇਕ ਮਾਪੇ-ਅਧਾਰਿਤ ਤੇ ਦਿਸ਼ਾ-ਦਿਖਾਉ ਸੁਸਾਇਟੀ ਬੀ. ਸੀ. ਅਤੇ ਯੁਕੋਨ ਔਟਿਜ਼ਮ ਸਪੈਕਟਰਮ ਡਿਸਆਡਰ ਵਾਲੇ ਇਨਸਾਨਾਂ ਅਤੇ ਪਰਿਵਾਰਾਂ ਨੂੰ ਸਪੋਰਟ ਪ੍ਰਦਾਨ ਕਰਦੀ ਹੈ।

ਫੋਨ: 604 434-0880, ਮੁਫਤ ਲਾਈਨ: 1 888 437-0880

ਈ-ਮੇਲ: *administrator@autismbc.ca*

ਵੈਬ: *www.autismbc.ca*

### ਬੀ. ਸੀ. ਔਟਿਜ਼ਮ ਅਸੈਸਮੈਂਟ ਨੈਟਵਰਕ (BCAAN) – ਸੂਬਾਈ ਸਿਹਤ ਸੇਵਾਵਾਂ ਦੀ ਅਥਾਰਟੀ ਹੈ

ਔਟਿਜ਼ਮ ਸਪੈਕਟਰਮ ਡਿਸਆਡਰ ਹੋਣ ਵਾਲੇ ਬੱਚਿਆਂ ਦੇ ਜਾਇਜ਼ੇ/ ਪਛਾਣ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

ਫੋਨ: 604 453-8343

ਈਮੇਲ: *autism@phsa.ca*

ਵੈਬ: *www.phsa.ca/AgenciesAndServices/Services/Autism/default.htm*

### ਕੈਨੇਡਾ ਰੈਵਨਿਯੂ ਏਜੰਸੀ

*ਕੈਨੇਡਾ ਰੈਵਨਿਉ ਏਜੰਸੀ ਕੋਲ ਹਰ ਮਨੁੱਖ ਦੇ ਆਪਣੇ ਇਨਕਮ ਟੈਕਸ ਬਾਰੇ ਪੁੱਛ-ਗਿੱਛ ਦੀ ਜਾਣਕਾਰੀ ਹੁੰਦੀ ਹੈ ਅਤੇ ਡਿਸੇਬਿਲਟੀ ਵਾਲੇ ਮਨੁੱਖਾਂ ਦੇ ਹਿਤਾਂ ਵਾਲੇ ਵਿਸ਼ਿਆਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਹੁੰਦੀ ਹੈ।*

ਮੁਫਤ ਲਾਈਨ: 1 800 959-8281

ਵੈਬ: *www.cra-arc.gc.ca/disability*

### ਬੱਚਿਆਂ ਅਤੇ ਪਰਿਵਾਰ ਵਿਕਾਸ ਮੰਤਰਾਲੇ

MCFD ਵਿਕਾਸ ਸਬੰਧੀ ਸਮੱਸਿਆਵਾਂ ਵਾਲੇ ਬੱਚਿਆਂ, ਯੁਵਕਾਂ ਅਤੇ ਬਾਲਗਾਂ, ਅਤੇ ਔਟਿਜ਼ਮ ਸਪੈਕਟਰਮ ਡਿਸਆਡਰ ਵਾਲੇ ਬੱਚਿਆਂ ਅਤੇ ਯੁਵਕਾਂ ਲਈ, ਜਾਂ (ਗੰਭੀਰ ਅਪੰਗਤਾ ਵਾਲੇ ਬੱਚੇ) ਜਿਹੜੇ ਘਰੇਲੂ ਪ੍ਰੋਗਰਾਮਾਂ ਲਈ ਯੋਗ ਹਨ, ਲਈ ਸੇਵਾਵਾਂ ਅਤੇ ਯੋਜਨਾ ਸਹਾਇਤਾ ਪ੍ਰਦਾਨ ਕਰਦੇ ਹਨ।

ਵੈਬ: *www.mcf.gov.bc.ca/autism/index.htm*

### ਬ੍ਰਿਟਿਸ਼ ਕੋਲੰਬੀਆ ਦੇ ਸ਼ੁਰੂਆਤੀ ਔਟਿਜ਼ਮ ਇਲਾਜ ਲਈ ਪਰਿਵਾਰ *(FEAT of BC)*

ਮਾਪੇ ਅਤੇ ਸਬੰਧਤ ਪੇਸ਼ਾਵਰਾਂ, ਜੋ ਵਿਆਪਕ ਅਸਰਮੰਦ ਔਟਿਜ਼ਮ ਇਲਾਜ ਲਈ ਕੰਮ ਕਰ ਰਹੇ ਹਨ, ਬਾਰੇ ਜਾਣਕਾਰੀ ਲਈ:

ਈਮੇਲ: *info@featbc.org*

ਵੈਬ: *www.featbc.org*

### ਔਟਿਜ਼ਮ ਸਪੋਰਟ ਨੈਟਵਰਕ

ਇਕ ਮਾਪੇ ਸੰਸਥਾ ਹੈ, ਜਿਸਦਾ ਦ੍ਰਿਸ਼ਟੀਕੋਣ ਹੈ, ਇਕ ਸੁਰੱਖਿਅਤ, ਸਹਾਇਤਾ ਅਤੇ ਸ਼ਮੂਲਿਅਤ ਵਾਲਾ ਭਾਈਚਾਰਾ ਬਨਾਉਣਾ, ਜੋ ਔਟਿਜ਼ਮ ਸਪੈਕਟਰਮ ਡਿਸਆਡਰ ਵਾਲਿਆਂ ਨੂੰ ਆਪਣੀ ਪੂਰੀ ਕਾਬਲਿਅਤ ਤਕ ਪਹੁੰਚਨ ਵਿਚ ਮਦਦ ਕਰਦਾ ਹੈ।

ਵੈਬ: *www.autismsupport.ca*

### ਫੈਮਿਲੀ ਸਪੋਰਟ ਇੰਸਟੀਚਿਊਟ

ਇਕ ਪਰਿਵਾਰਾਂ ਵਾਸਤੇ ਸੰਸਥਾ ਹੈ, ਜੋ ਪਰਿਵਾਰ ਅਤੇ ਉਨ੍ਹਾਂ ਦੇ ਭਾਈਚਾਰੇ ਦੀ ਮਦਦ ਲਈ ਜਾਣਕਾਰੀ, ਟ੍ਰੇਨਿੰਗ ਸੂਬਾਈ ਨੈਟਵਰਕਿੰਗ ਪ੍ਰਦਾਨ ਕਰਦੀ ਹੈ।

ਫੋਨ: 604 540-8374

ਈ-ਮੇਲ: *fsi@bcacl.org*

ਵੈਬ: *www.familysupportbc.com*

### ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ

#### ਖਾਸ ਲੋੜਾਂ ਵਾਲੇ ਬੱਚੇ ਅਤੇ ਨੋਜਵਾਨ

ਔਟਿਜ਼ਮ ਫੰਡਿੰਗ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ:

ਵੈਬ: www.mcf.gov.bc.ca/autism/index.htm

ਖਾਸ ਲੋੜਾਂ ਵਾਲੇ ਬੱਚਿਆਂ ਅਤੇ ਨੋਜਵਾਨਾਂ ਲਈ ਹੋਰ ਪ੍ਰੋਗਰਾਮਾਂ ਬਾਰੇ ਜਾਣਕਾਰੀ:

ਵੈਬ: *www.mcf.gov.bc.ca/spec_needs/index.htm*

### ਮਨਿਸਟਰੀ ਆਫ ਐਜੁਕੇਸ਼ਨ

#### ਸਪੈਸ਼ਲ ਐਜੁਕੇਸ਼ਨ: ਔਟਿਜ਼ਮ

ਖਾਸ ਵਿਦਿਆ ਦੇ ਪ੍ਰੋਗਰਾਮਾਂ ਅਤੇ ਔਟਿਜ਼ਮ ਪਹਿਲ ਕਦਮਾਂ ਬਾਰੇ ਜਾਣਕਾਰੀ।

ਵੈਬ: *www.bced.gov.bc.ca/specialed/sped_res_docs.htm*

### ਮਨਿਸਟਰੀ ਆਫ ਹੈਲਥ ਸਰਵਿਸਿਜ਼

*ਸਬੂਤਾਂ ਤੇ ਅਧਾਰਿਤ ਰਿਪੋਰਟ ਤਕ ਪਹੁੰਚ: ਬੀ. ਸੀ . ਵਿਚ ਔਟਿਜ਼ਮ ਸਪੈਕਟਰਮ ਡਿਸਆਡਰ ਵਾਲੇ ਬੱਚਿਆਂ ਦੇ ਜਾਇਜ਼ੇ ਅਤੇ ਪਛਾਣ ਲਈ ਮਿਆਰ ਅਤੇ ਸੇਧਾਂ।*

ਫੋਨ: 250 952-1742, ਮੁਫਤ ਲਾਈਨ: 1 800 465-4911

ਵੈਬ: *www.health.gov.bc.ca/library/publications/year/2003/asd_standards_0318.pdf*

### ਪਰੋਵਿੰਸ਼ਲ ਆਉਟਰੀਚ ਪ੍ਰੋਗਰਾਮ ਫਾਰ ਔਟਿਜ਼ਮ ਐਂਡ ਰਿਲੇਟਿਡ ਡਿਸਆਡਰਜ਼ (POPARD)

ਇਕ ਵਿਦਿਆ ਦੀ ਸੰਸਥਾ ਹੈ, ਜੋ ਅਧਿਆਪਕਾਂ, ਮਾਪਿਆਂ ਅਤੇ ਪੈਰਾ-ਪੇਸ਼ਾਵਰਾਂ ਦੀ ਮਦਦ ਕਰਦੀ ਹੈ, ਔਟਿਜ਼ਮ ਅਤੇ ਬੀ. ਸੀ. ਸਕੂਲ ਸਿਸਟਮ ਵਿਚ ਉਪਲਬੱਧ ਸੋਮਿਆਂ ਤਕ ਪਹੁਚੰਨ ਲਈ।

ਵੈਬ: *www.autismoutreach.ca*

### ਸਪੈਸ਼ਲ ਐਜੁਕੇਸ਼ਨ ਟੈਕਨੌਲੋਜੀ – BC (SET-BC)

*ਸਕੂਲਾਂ ਵਿਚ ਵਰਤੀਆਂ ਜਾਂਦੀਆਂ ਇਮਦਾਦੀ ਤਕਨੀਕਾਂ ਲਈ ਸੋਮੇ ਅਤੇ ਸਿਖਲਾਈ ਪ੍ਰਦਾਨ ਕਰਦੀ ਹੈ।*

ਫੋਨ: 604 261-9450

ਵੈਬ: *www.setbc.org*

## ਅੰਤਿਕਾ 2: ਦਖ਼ਲ ਵਾਸਤੇ ਵਤੀਰੇ ਦੀ ਯੋਜਨਾ

| ਬੱਚੇ ਦਾ ਨਾਮ: | | ਬੱਚੇ ਦੀ ਜਨਮ ਤਾਰੀਖ: |
|---|---|---|
| ਮਾਂ-ਬਾਪ/ਗਾਰਡੀਅਨ ਦਾ ਨਾਮ: | ਅਜ ਦੀ ਤਾਰੀਖ: | ਪਲੈਨ ਰਿਵਿਊ/ਅਪਡੇਟ ਕਰਨ ਦੀ ਤਾਰੀਖ:: |

*ਬੱਚੇ ਦੇ ਪ੍ਰੋਗਰਾਮ ਵਿਚ ਸ਼ਾਮਿਲ ਪੇਸ਼ਾਵਰ*

| ਕੁਝ ਉਦਾਹਰਣਾਂ | ਨਾਮ | ਭੂਮਿਕਾ ਅਤੇ ਜ਼ਿੰਮੇਵਾਰਿਆਂ | ਸੰਪਰਕ ਦੀ ਜਾਣਕਾਰੀ |
|---|---|---|---|
| ਵਤੀਰੇ ਦਾ ਵਿਸ਼ਲੇਸ਼ਕ/ਸਲਾਹਕਾਰ | | | |
| ਕੰਮ ਕਾਜ ਦਾ ਥੈਰਾਪਿਸਟ | | | |
| ਫਿਜਿਉਥੈਰਪਿਸਟ | | | |
| ਬੋਲੀ ਭਾਸ਼ਾ ਦੇ ਪੈਥੋਲੋਜਿਸਟ | | | |
| ਬੱਚੇ ਦੀ ਮਦਦ ਵਿਕਾਸ ਲਈ ਮਸ਼ਵਰਾ | | | |
| ਬੱਚੇ ਦੀ ਮਦਦ ਵਿਕਾਸ ਲਈ ਵਰਕਰ | | | |
| ਪਰੀ ਸਕੂਲ/ਡੇ ਕੇਅਰ ਦਾ ਸੁਪਰਵਾਈਜ਼ਰ | | | |
| ਵਤੀਰੇ ਲਈ ਦਖਲ | | | |
| ਦੂਸਰੇ | | | |

*ਪਰਿਵਾਰ ਦੇ ਟੀਚੇ:*

1. ______________________________

2. ______________________________

3. ______________________________

4. ______________________________

5. ______________________________

ਹੇਠਾਂ ਦਿਤੀ ਲਿਸਟ ਅਜਿਹੇ ਖੇਤਰਾਂ (ਡੋਮੇਨ) ਦੀ ਹੈ ਜਿਨ੍ਹਾਂ ਉੱਤੇ ਵਰਤਾਉ ਦਖਲ ਯੋਜਨਾ ਅਨੁਸਾਰ ਕੰਮ ਕੀਤਾ ਜਾਵੇ, ਪਰਿਵਾਰਾਂ ਅਤੇ ਬੱਚੇ ਦੀ ਦਖਲ ਟੀਮ ਦੇ ਪੇਸ਼ਾਵਰ ਮੈਂਬਰਾਂ ਦੇ ਸਹਿਯੋਗ ਨਾਲ, ਹਰ ਡੋਮੇਨ ਦੇ ਇਨ੍ਹਾਂ ਖਾਸ ਟੀਚਿਆਂ/ ਉਦੇਸ਼ਾਂ ਦੀ ਪਹਿਚਾਣ ਕਰੋ; ਵਿਦਅਕ ਢੰਗ, ਗਿਣੇ-ਮਿਥੇ ਨਤੀਜੇ/ ਮੁਹਾਰਤ ਮਾਪਦੰਢ ਅਤੇ ਪਰਿਵਾਰ ਦੇ ਕਿਸ ਉਦੇਸ਼ ਨੂੰ ਇਹ ਟੀਚਾ ਪੂਰਾ ਕਰ ਰਿਹਾ ਹੈ।

| ***ਡੋਮੇਨ ਦੀਆਂ ਉਦਾਹਰਣਾਂ*** | ***ਖਾਸ ਟੀਚੇ/ ਉਦੇਸ਼*** | ***ਸਿਖਲਾਈ ਦੇ ਢੰਗ*** | ***ਗਿਣੇ-ਮਿੱਥੇ ਨਤੀਜੇ/ ਮੁਹਾਰਤ ਮਾਪਦੰਡ*** | ***ਪਰਿਵਾਰਕ ਟੀਚੇ*** |
|---|---|---|---|---|
| *ਸਮਾਜਿਕ ਹੁਨੱਰ* | | | | |
| | | | | |
| | | | | |
| | | | | |
| *ਖੇਡਾਂ ਦੇ ਹੁੱਨਰ* | | | | |
| | | | | |
| | | | | |
| | | | | |
| *ਗਲਬਾਤ* | | | | |
| | | | | |
| | | | | |
| | | | | |
| *ਭਾਵਨਾਤਮਕ ਵਿਚਰਣਾ/ ਸਵੈ-ਨਿਯਮਤ* | | | | |
| | | | | |
| | | | | |
| | | | | |
| *ਪੜ੍ਹਾਈ / ਦਿਮਾਗ* | | | | |
| | | | | |
| | | | | |
| | | | | |
| *ਫਾਈਨ ਤੇ ਗਰੌਸ ਮੋਟੋਰ/ ਸੈਂਸੋਰੀ ਫੰਕਸ਼ੋਨਿਗ* | | | | |
| | | | | |
| | | | | |
| | | | | |
| *ਜੀਵਣ ਦੇ ਹੁੱਨਰ* | | | | |
| | | | | |
| | | | | |
| | | | | |

*ਪੇਸ਼ਾਵਰ ਦਾ ਨਾਮ*
*(ਕ੍ਰਿਪਾ ਕਰਕੇ ਵੱਡੇ ਅਖਰਾਂ ਵਿਚ ਲਿਖੋ)*

*ਪੇਸ਼ਾਵਰ ਦੇ ਸਾਈਨ*
*(ਇਹ ਸਾਈਨ ਕਰਦੇ ਹੋਏ, ਮੈਂ ਤਸਦੀਕ ਕਰਦਾ/ਦੀ ਹਾਂ ਕਿ ਮੈਂ ਬੱਚੇ ਦੀ ਕੁਸ਼ਲਤਾ ਦਾ ਪੱਧਰ ਵੇਖਿਆ ਹੈ ਅਤੇ ਮੈਂ ਉਸਦੇ ਪ੍ਰੋਗਰਾਮ ਦੇ ਨਿਰੀਖਣ ਅਤੇ ਨਿਗਰਾਨੀ ਤੇ ਅਮਲ ਕਰਾਂਗਾ/ਗੀ)*

*ਮਾਪਾ*
*(ਕ੍ਰਿਪਾ ਕਰਕੇ ਵਡੇ ਅਖਰਾਂ ਵਿਚ ਲਿਖੋ)*

*ਮਾਂ-ਬਾਪ ਦੇ ਸਾਈਨ*
*(ਇਹ ਸਾਈਨ ਕਰਦੇ ਹੋਏ ਮੈਨੂੰ ਮਨਜ਼ੂਰ ਹੈ ਕਿ ਦਖਲ ਵਾਸਤੇ ਵਤੀਰੇ ਦੀ ਯੋਜਨਾ ਮੇਰੇ ਪਰਿਵਾਰ ਅਤੇ ਬੱਚੇ ਦੀਆਂ ਲੋੜਾਂ ਮੁਤਾਬਿਕ ਹੋਵੇਗੀ)*

## ਅੰਤਿਕਾ 3: ਔਟਿਜ਼ਮ ਫੰਡਿੰਗ – ਯੋਗ ਖਰਚਿਆਂ ਦਾ ਸੰਖੇਪ ਵੇਰਵਾ

***ਔਟਿਜ਼ਮ ਫੰਡਿੰਗ (ਮਾਲੀ ਮਦਦ): ਉਮਰ 6 ਸਾਲ ਤੋਂ ਘੱਟ ਲਈ ਸਿਰਫ ਹੇਠ ਲਿਖੀਆਂ ਗਲਾਂ ਲਈ ਵਰਤੀ ਜਾ ਸਕਦੀ ਹੈ:***

- ਵਰਤਾਉ ਸਲਾਹਕਾਰ/ਵਿਸ਼ਲੇਸ਼ਕ, ਬੋਲੀ–ਭਾਸ਼ਾ ਦੇ ਮਾਹਿਰ, ਕੰਮਕਾਜ ਦੇ ਥੈਰਪਿਸਟ, ਅਤੇ ਸ਼ਰੀਰਿਕ ਥੈਰਪਿਸਟ ਜੋ ਔਟਿਜ਼ਮ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ ਵਿਚ ਸ਼ਾਮਿਲ ਹਨ।
- ਵਰਤਾਉ ਦਖਲ ਇਲਾਜ ਕਰਤਾ (BI)–(ਇਹ ਸੁਝਾਅ ਜ਼ੋਰ ਨਾਲ ਦਿਤਾ ਜਾਂਦਾ ਹੈ ਕਿ ਸਾਰੇ ਬੀ.ਆਈ (RASP) ਪੇਸ਼ਾਵਰਾਂ ਦੀ ਨਿਗਰਾਨੀ ਹੇਠ ਕੰਮ ਕਰਨ।
- ਪਰਿਵਾਰ ਦਾ ਪ੍ਰਬੰਧਕੀ ਖਰਚਾ ($ 100 ਮਹੀਨੇ ਤਕ ਦਾ, ਜਿਵੇਂ ਕਿ: ਪੇਅਰੋਲ, ਬੁਕਕੀਪਿੰਗ)।
- ਨੌਕਰੀ ਨਾਲ ਸਬੰਧਤ ਖਰਚੇ (ਜਿਵੇਂ ਕਿ ਕਾਮੇ ਦਾ ਇਨਕੰਮ ਟੈਕਸ, ਕੈਨੇਡਾ ਪੈਨਸ਼ਨ ਪਲੈਨ, ਇੰਪਲੋਇਮੈਂਟ ਇਨਸ਼ੋਰੰਸ ਅਤੇ ਵਰਕਰ ਕੰਪਨਸੇਸ਼ਨ ਬੋਰਡ ਦੀ ਕਿਸ਼ਤ, ਚਾਰ ਫੀਸਦੀ ਛੁਟੀਆਂ ਦੀ ਤਨਖਾਹ)

***ਔਟਿਜ਼ਮ ਫੰਡਿੰਗ:ਉਮਰ 6 ਤੋ 18 ਸਾਲ ਲਈ ਸਿਰਫ ਹੇਠ ਲਿਖੀਆਂ ਗਲਾਂ ਲਈ ਵਰਤੀ ਜਾ ਸਕਦੀ ਹੈ:***

- ਵਰਤਾਉ ਸਲਾਹਕਾਰ/ਵਿਸ਼ਲੇਸ਼ਕ
- ਬੋਲੀ–ਭਾਸ਼ਾ ਦੇ ਮਾਹਿਰ, ਕੰਮਕਾਜ ਦੇ ਥੈਰਪਿਸਟ, ਅਤੇ ਸ਼ਰੀਰਿਕ ਥੈਰਪਿਸਟ
- ਵਰਤਾਉ ਦਖਲ ਇਲਾਜ ਕਰਤਾ (BI)– (ਇਹ ਸੁਝਾਓ ਜ਼ੋਰ ਨਾਲ ਦਿਤਾ ਜਾਂਦਾ ਹੈ ਕਿ ਬੀ। ਆਈ ਉਪਰ ਲਿਖੇ ਸਾਰੇ ਜਾਂ ਇਕ ਪੇਸ਼ਾਵਰਾਂ ਦੀ ਨਿਗਰਾਨੀ ਹੇਠ ਕੰਮ ਕਰਣ)
- ਜੀਵਣ ਹੁੰਨਰ ਅਤੇ ਸਮਾਜਿਕ ਹੁਨੱਰ
- ਸਕੂਲ ਤੋਂ ਬਾਹਿਰ ਸਹਾਇਤਾ/ਟਿਯੂਸ਼ਨ (ਰੈਗੁਲਰ ਸਕੂਲ ਪ੍ਰੋਗਰਾਮ ਦਾ ਹਿਸਾ ਨਹੀਂ)
- ਖਾਸ ਇਲਾਜ ਦੀਆਂ ਗਤਿਵਿਧੀਆਂ ਅਤੇ ਤੁਹਾਡੇ ਬੱਚੇ ਦੀ ASD ਮੁਤਾਬਿਕ ਕੈਂਪ
- ਕਿਸੇ ਰਜਿਸਟਰ ਹੋਏ ਡਾਇਟੇਸ਼ਿਅਨ ਕੋਲੋਂ ਭੋਜਣ ਬਾਰੇ ਕਾਉਂਸਲਿੰਗ
- ਪਰਿਵਾਰਕ ਕਾਉਂਸਲਿੰਗ/ਥੈਰਪੀ
- ਬਾਕੀ ਦਖਲ ਪੇਸ਼ਾਵਰ/ ਸਪੈਸ਼ਲਿਸਟ ਵਲੋਂ ਸੁਝਾਵਿਤ (ਇਕ ਸਿਫਾਰਿਸ਼ੀ ਚਿੱਠੀ (LOR) ਇਕ ਯੋਗ ਪੇਸ਼ਾਵਰ/ ਸਪੈਸ਼ਲਿਸਟ ਵਲੋਂ ਲਿਖੀ ਹੋਈ ਲੋੜੀਂਦੀ ਹੈ ਅਤੇ ਔਟਿਜ਼ਮ ਫੰਡਿਗ ਬਰਾਂਚ ਵਲੋਂ ਪਹਿਲਾਂ ਲਿਖੀ ਰਜ਼ਾਮੰਦੀ ਲੈਣਾ ਸੁਝਾਵਿਤ ਹੈ।
- MCFD ਔਟਿਜ਼ਮ ਫੰਡਿਗ ਅਜ਼ਾਦ ਸਕੂਲ ਸੇਵਾਵਾਂ ਲਈ ਵਰਤੀ ਜਾ ਸਕਦੀ ਕੰਪਊਟਰੈ ਜੇ ਬਿਲ ਵਿਚ ਲਿਖਿਆ ਹੋਵੇ ਸਿਰਫ ਸਕੂਲ ਤੋਂ ਬਾਹਿਰ ਦੀਆਂ ਸੇਵਾਵਾਂ। ਦੂਸਰੇ ਅਖਰਾਂ ਵਿਚ MCFD ਔਟਿਜ਼ਮ ਫੰਡਿਗ, ਸਕੂਲ ਤੋਂ ਪਹਿਲਾਂ ਤੇ ਬਾਅਦ ਦੀ ਸਹਾਇਤਾ,ਟਿਯੂਸ਼ਨ,ਥੈਰਪੀ ਸਰਵਿਸਿਜ਼ (ਜਿਵੇਂ ਕਿ ਬੋਲੀ–ਭਾਸ਼ਾ ਥੈਰਪੀ, ਵਰਤਾਉ ਬਾਰੇ ਮਸ਼ਵਰਾ), ਸੋਸ਼ਲ ਗਤਿਵਿਧੀਆਂ ਸਕੂਲ ਦੇ ਆਮ ਸਿਖਲਾਈ ਪ੍ਰੋਗਰਾਮਾਂ ਤੋਂ ਬਾਹਿਰੀ, ਦਾ ਵੀ ਖਰਚਾ ਦੇ ਸਕਦੀ ਹੈ।
- ਪਰਿਵਾਰਿਕ ਪ੍ਰਬੰਧ ਖਰਚਾ (ਜਿਵੇਂ ਕਿ ਬੁੱਕਕੀਪਿੰਗ ਸੇਵਾਵਾਂ ਲਈ $50 ਮਹੀਨੇ ਦੇ ਜਾਂ ਅਕਾਂਉਟੰਟ ਨੂੰ ਸਿੱਧੀ ਭੁਗਤਾਨ ਫੀਸ ਵੱਧ ਤੋਂ ਵੱਧ $600 ਤਕ ਦੀ ਹਰ ਫੰਡਿਗ ਸਮੇਂ ਲਈ)
- ਲਾਗੂ ਇੰਪਲੌਇਰ ਖਰਚੇ (ਜਿਵੇਂ ਕਿ ਕਾਮੇ ਦਾ ਆਮਦਨੀ ਟੈਕਸ, ਕੈਨੇਡਾ ਪੈਂਨਸ਼ਨ ਪਲੈਨ, ਕੰਮ ਦਾ ਬੀਮਾ ਅਤੇ ਵਰਕ ਸੇਫ ਬੀ ਸੀ ਦਾ ਪ੍ਰੀਮਿਅਮ, ਚਾਰ ਫੀਸਦੀ ਛੁਟੀਆਂ ਦੀ ਤਨਖਾਹ)

***ਦੋਵੇਂ ਔਟਿਜ਼ਮ ਫੰਡਿੰਗ 20 ਫੀਸਦੀ ਤਕ: 6 ਸਾਲ ਤੋਂ ਘੱਟ ਅਤੇ ਔਟਿਜ਼ਮ ਫੰਡਿੰਗ: 6-18 ਸਾਲ ਲਈ ਵਰਤੀ ਜਾ ਸਕਦੀ ਹੈ:***

- ਬੀ.ਸੀ. ਦੇ ਅੰਦਰ ਟ੍ਰੇਨਿੰਗ
- ਬੀ.ਸੀ. ਦੇ ਅੰਦਰ ਔਟਿਜ਼ਮ ਦਖਲ ਤਕ ਪਹੁੰਚਨ ਲਈ ਜਾਂ ਟ੍ਰੇਨਿੰਗ ਲਈ ਸਫਰਾ ਖਰਚਾ(ਆਉਣ–ਜਾਣ 80 kms ਤੋਂ ਵੱਧ)
- ਲੋੜੀਂਦਾ ਯੋਗ ਸਾਜੋ–ਸਾਮਾਨ, ਜਿਹੜਾ ਅਸ਼ਰਮੰਦ ਦਖਲ ਲਈ ਜਰੂਰੀ ਹੈ ਅਤੇ ਪੇਸ਼ਾਵਰ/ਸਪੈਸ਼ਲਿਸਟ ਵਲੋਂ ਭਰੇ ਜਸਟੀਫਿਕੇਸ਼ਨ ਫਾਰ ਇਕਵਿਪਮੈਂਟ (JFE) ਦੇ ਫਾਰਮ ਵਿਚ ਲਿਖਿਆ ਹੋਇਆ ਹੈ।

***ਕੰਪੂਓਟਰ ਅਤੇ/ਜਾਂ ਟੱਚ ਸਕਰੀਨ ਟੈਬਲਟ***

- ਹੈ, ਟੱਚ ਸਕਰੀਨ ਟੈਬਲਟ ਖਰੀਦਣ ਦੀ ਬੇਨਤੀ ਲਿਖ ਕੇ JFE ਰਾਹੀਂ ਬੱਚੇ ਦੇ ਪੇਸ਼ਾਵਰ/ਮਾਹਿਰ ਕੋਲੋਂ ਭਰਵਾ ਕੇ ਭੇਜੋ।
- ਬੱਚੇ ਦੀ ਔਟਿਜ਼ਮ ਫੰਡਿੰਗ ਇਕ ਲੈਪਟਾਪ ਜਾਂ ਡੈਸਕਟਾਪ ਹੈ, ਜਾਂ ਟੱਚ ਸਕਰੀਨ ਟੈਬਲਟ ਖਰੀਦਣ ਲਈ ਵਰਤੀ ਜਾ ਸਕਦੀ ਹੈ (ਜਿਵੇਂ ਕਿ ਆਈਪੈਡ ਜਾਂ ਆਈ ਟੱਚ) ਤਿੰਨ ਸਾਲ ਵਿਚ ਇਕ ਵਾਰ।

***ਕ੍ਰਿਪਾ ਕਰਕੇ ਨੋਟ ਕਰੋ: 6*** ਸਾਲ ਤੋਂ ਘੱਟ ਪ੍ਰੋਗਰਾਮਾਂ ਦੇ ਅਧੀਨ ਇਕ ਪੇਸ਼ਾਵਰ/ਸਪੈਸ਼ਲਿਸਟ, ਜੋ ਜਸਟੀਫਿਕੇਸ਼ਨ ਫਾਰ ਇਕਵਿਪਮੈਂਟ ਐਂਡ ਸਪਲਾਈ *(JFE)* ਫਾਰਮ ਭਰਣ ਦੇ ਯੋਗ ਹੈ, ਨੂੰ RASP ਪੇਸ਼ਾਵਰ ਜਾਂ ਇਕ EIT ਪੇਸ਼ਾਵਰ MCFD ਵਲੋਂ ਠੇਕਾ ਦਿਤੀਆਂ ਏਜੰਸੀਆਂ/ ਸੰਸਥਾਵਾਂ/ਸਿਹਤ ਅਧਿਕਾਰੀਆਂ ਵਲੋਂ ਨੌਕਰੀ ਤੇ ਰੱਖੇ ਹੁੰਦੇ ਹਨ। *6-18* ਸਾਲ ਦੇ ਪ੍ਰੋਗਰਾਮਾਂ ਦੇ ਪੇਸ਼ਾਵਰ/ਸਪੈਸ਼ਲਿਸਟ ਨੂੰ ਬਿਹੇਵੀਅਰ ਸਲਾਹਕਾਰ, ਸ਼ਰੀਰਕ ਥੈਰਪਿਸਟ, ਬੋਲੀ–ਭਾਸ਼ਾ ਦੇ ਪਥੈਲੋਜਿਸਟ, ਬੱਚਿਆਂ ਦੇ ਡਾਕਟਰ, ਦਿਮਾਗੀ ਡਾਕਟਰ, ਰਜਿਸਟਰਡ ਮਨੋਵਿਗਆਨੀ, ਰਜਿਸਟਰਡ ਮਨੋਵਿਗਆਨੀ ਸਹਿਯੋਗੀ, ਨਿਊਰੋਲੌਜਿਸਟ ਜਾਂ ਆਕੂਪੇਸ਼ਨਲ ਥੈਰਪਿਸਟ।

***ਫੋਨ ਕਰੋ: 1 877 777-3530***
***ਹੋਰ ਜਾਣਕਾਰੀ ਲਈ।***

## ***ਅੰਤਿਕਾ 4: ਔਟਿਜ਼ਮ ਫੰਡਿੰਗ – ਯੋਗ ਖਰਚਿਆਂ ਦਾ ਸੰਖੇਪ***


***ਕ੍ਰਿਪਾ ਕਰਕੇ ਨੋਟ ਕਰੋ :*** ਪੇਸ਼ਾਵਰ/ਸਪੈਸ਼ਲਿਸਟ ਵਲੋਂ ਸੁਝਾਵਿਤ ਕੁਝ ਦਖਲ ਅਤੇ ਸਾਮਾਨ  ਯੋਗ ਖਰਚੇ ਹਨ। ਹੇਠ ਲਿਖੇ ਖਰਚੇ ਯੋਗ ਹਨ:

- ਘਰ ਦੀ ਮੁਰੰਮਤ, ਰੈਨੋਵੇਸ਼ਨ, ਸਵਿਮਿੰਗ ਪੂਲ, ਹਾਟ ਟਬ, ਟਰੈਮਪੋਲਿਨ, ਖੇਡ ਦੇ ਮੈਦਾਨ ਲਈ ਸਾਮਾਨ
- ਘਰੇਲੂ ਚੀਜ਼ਾਂ, ਅਪਲਾਇੰਸਾਂ ਸਮੇਤ
- ਆਮ ਮਨਪਰਚਾਵੇ ਅਤੇ ਖੇਡਾਂ ਵਾਸਤੇ ਦਾਖਲਾ ਫੀਸ
- ਖੇਡਾਂ/ਫਿਟਨੈਸ ਦਾ ਸਾਮਾਨ
- ਟੈਲੀਵਿਜ਼ਨ
- ਵਿਟਾਮਿਨ, ਡਾਕਟਰੀ ਸਾਮਾਨ, ਪੈਰਾਂ ਦੇ ਇਲਾਜ ਦਾ ਸਾਮਾਨ
- ਕਪੜੇ
- ਭੋਜਨ (ਚਾਹੇ, ਥੋੜਾ ਖਾਣਾ-ਖੁਰਾਕ ਹੋਵੇ, ਥੈਰੇਪੀ ਲਈ ਯੋਗ ਹੋ ਸਕਦਾ ਹੈ)
- ਸਿਰਫ ਸਕੂਲ ਵਿਚ ਵਰਤੀ ਜਾਣ ਵਾਲੀ ਕੋਈ ਵੀ ਚੀਜ਼
- ਮਹੀਨੇ ਦੇ ਸਮਾਰਟ ਫੋਨ ਬਿਲ ਅਤੇ/ਜਾਂ ਡੇਟਾ ਪਲੈਨ

ਹੇਠਾਂ ਸੇਵਾਵਾਂ ਦੀਆਂ ਕੁਝ ਉਦਾਹਰਣਾਂ ਦਿਤੀਆਂ ਹਨ, ਜੋ ਕਿ ਅਯੋਗ ਖਰਚੇ ਹਨ;

- ਬੱਚਿਆਂ ਦੀ ਸੰਭਾਲ
- ਰਾਹਤ
- ਆਮ ਮਨਪਰਚਾਵੇ ਲਈ ਕਲਾਸਾਂ
- ਡਾਕਟਰੀ ਸੇਵਾਵਾਂ
- *ਸੂਬੇ ਤੋਂ ਬਾਹਿਰ ਦੀਆਂ ਸੇਵਾਵਾਂ ਅਤੇ ਉਸ ਨਾਲ ਸਬੰਧਤ ਸਫਰ ਖਰਚੇ*

***ਇਥੇ ਸਾਰੇ ਅਯੋਗ ਖਰਚੇ ਨਹੀਂ ਲਿਖੇ ਗਏ। ਇਹ ਸੁਝਾਅ ਦਿਤਾ ਜਾਂਦਾ ਹੈ ਕਿ ਪਰਿਵਾਰ ਚੀਜ਼ਾਂ ਖਰੀਦਣ ਤੋਂ ਪਹਿਲਾਂ ਵਧੇਰੇ ਜਾਣਕਾਰੀ ਲਈ ਔਟਿਜ਼ਮ ਫੰਡਿੰਗ ਬਰਾਂਚ ਨਾਲ 1 877 777-3530 ਤੇ ਸੰਪਰਕ ਕਰਨ।***



## ਅੰਤਿਕਾ 5: ਸਿੱਧੇ ਭੁਗਤਾਨ (ਡਾਇਰੈਕਟ ਡਿਪਾਜ਼ਿਟ) ਰਾਹੀਂ ਫੰਡਿੰਗ ਲੈਣ ਲਈ ਕਦਮ

1. ਬੱਚੇ ਦੀ ਮੌਜੂਦਾ ਫੰਡਿੰਗ ਸਮਾਂ ਖਤਮ ਹੋਣ ਤੋਂ 60 ਦਿਨ ਪਹਿਲਾਂ, ਮਾਪੇ ਜਾਂ ਲੀਗਲ ਗਾਰਡੀਅਨ (ਜਾਂ 'ਐਗਰੀਮੈਂਟ ਸਿਗਨੇਟੋਰੀ') (ਸਮਝੌਤੇ ਵਾਲੇ ਦਸਤਖਤਕਰਤਾ) ਔਟਿਜ਼ਮ ਫੰਡਿੰਗ ਬਰਾਂਚ (AFB) ਦੇ ਟੋਲਫਰੀ ਨੰਬਰ 1-877-777-3530 ਤੇ ਫੋਨ ਕਰਨ, ਇਹ ਦਸਣ ਲਈ ਕਿ ਉਹ ਬਿਲ ਭੁਗਤਾਨ ਤੋਂ ਸਿੱਧੇ ਭੁਗਤਾਨ ਤੇ ਜਾਣਾ ਚਾਹੁੰਦੇ ਹਨ।

2. AFB ਉਸ ਬੇਨਤੀ ਤੇ ਮੁੜਗੌਰ ਕਰਦੀ ਹੈ ਅਤੇ ਸਮਝੌਤੇ ਵਾਲੇ ਦਸਤਖਤਕਰਤਾ ਨੂੰ ਸੂਚਿਤ ਕਰਦੀ ਹੈ ਕਿ ਉਹ ਔਟਿਜ਼ਮ ਫੰਡਿੰਗ ਸਿੱਧੇ ਭੁਗਤਾਨ ਰਾਹੀਂ ਲੈਣ ਦੇ ਯੋਗ ਹਨ ਕਿ ਨਹੀਂ।

3. AFB ਇਕ ਜਾਣ-ਪਛਾਣ ਵਾਲੀ ਚਿੱਠੀ, ਸਿੱਧੇ ਜਮਾਂ ਕਰਾਉਣ ਵਾਲਾ ਅਰਜ਼ੀ ਫਾਰਮ ਅਤੇ ਸਿੱਧੇ ਭੁਗਤਾਨ ਦਾ ਸਮਝੌਤਾ ਯੋਗ ਸਮਝੌਤੇ ਵਾਲੇ ਦਸਤਖਤਕਰਤਾ ਨੂੰ ਭੇਜਦੀ ਹੈ।

4. ਉਹ ਮਿਲਣ ਤੇ ਸਮਝੌਤੇ ਵਾਲੇ ਦਸਤਖਤਕਰਤਾ ਨੂੰ ਸਿੱਧੇ ਭੁਗਤਾਨ ਦਾ ਸਮਝੌਤਾ ਲਾਜ਼ਮੀ ਦਸਤਖਤ ਕਰਕੇ AFB ਨੂੰ ਵਾਪਿਸ ਭੇਜਣਾ ਪੈਂਦਾ ਹੈ, ਆਪਣੇ ਬੱਚੇ ਦੇ ਨਵਾਂ ਫੰਡਿੰਗ ਸਮਾਂ ਸ਼ੁਰੂ ਹੋਣ ਤੋਂ ਘਟੋ-ਘਟ 30 ਦਿਨ ਪਹਿਲਾਂ।

5. ਇਹ ਜਾਨਣਾ ਜ਼ਰੂਰੀ ਹੈ ਕਿ ਪੈਸੇ ਸਮਝੌਤੇ ਵਾਲੇ ਦਸਤਖਤਕਰਤਾ ਨੂੰ ਹੀ ਸਿੱਧੇ ਭੁਗਤਾਨ ਰਾਹੀਂ ਭੇਜੇ ਜਾਣਗੇ। AFB ਨੂੰ ਸਿੱਧੇ ਭੁਗਤਾਨ ਸਮਝੌਤੇ ਦੇ ਨਾਲ-ਨਾਲ ਸਿੱਧੇ ਪੈਸੇ ਜਮਾਂ ਹੋਣ ਵਾਲੇ ਅਕਾਂਉਂਟ ਦੀ ਜਾਣਕਾਰੀ ਵੀ ਭੇਜੋ। ਡਾਇਰੈਕਟ ਡਿਪਾਜ਼ਿਟ ਅਰਜ਼ੀ ਫਾਰਮ ਇਥੇ ਉਪੱਲਬਧ ਹਨ: www.sbr.gov.bc.ca/documents_library/FORMS/0312WILL.pdf.

6. AFB ਕੋਲ ਦਸਤਖਤ ਕੀਤਾ ਸਿੱਧੇ ਭੁਗਤਾਨ ਦਾ ਸਮਝੌਤਾ ਪਹੁੰਚਨ ਬਾਅਦ ਉਹ ਮੰਜ਼ੂਰੀ ਲਈ ਭੇਜਿਆ ਜਾਵੇਗਾ। ਮੰਜ਼ੂਰ ਹੋ ਜਾਣ ਤੇ ਸਮਝੌਤੇ ਵਾਲੇ ਦਸਤਖਤਕਰਤਾ ਨੂੰ ਪਹਿਲੇ ਫੰਡਿੰਗ ਸਮੇਂ ਦੇ ਸ਼ੁਰੂ ਹੋਣ ਤੇ $6,000 ਦਿਤਾ ਜਾਏਗਾ। ਪੈਸਾ ਬੱਚੇ ਦੇ ਵਖਰੇ ਬੈਂਕ ਖਾਤੇ ਵਿਚ ਰਹਿਣਾ ਚਾਹੀਦਾ ਹੈ, ਜਿਸ ਵਿਚ ਔਟਿਜ਼ਮ ਫੰਡਿੰਗ ਦੇ ਸਿੱਧੇ ਪੈਸੇ ਜਮਾਂ ਹੋ ਸਕਦੇ ਹਨ ਅਤੇ ਜਿਸ ਵਿਚੋਂ ਸਿਰਫ ਯੋਗ ਔਟਿਜ਼ਮ ਖਰਚੇ ਕਢਾਏ ਜਾ ਸਕਦੇ ਹਨ।

7. ਸਮਝੌਤੇ ਵਾਲੇ ਦਸਤਖਤਕਰਤਾ ਯੋਗ ਔਟਿਜ਼ਮ ਦਖਲ ਸੇਵਾਵਾਂ, ਸਫਰ, ਸਿਖਲਾਈ, ਸਾਜੋ-ਸਾਮਾਨ ਤੇ ਸਪਲਾਈ ਲੈਣ ਲਈ ਅਤੇ ਪੇਸ਼ਾਵਰਾਂ, ਸੇਵਾਵਾਂ ਪ੍ਰਦਾਨਕਰਤਾ ਅਤੇ/ਜਾਂ ਵਿਕਰੇਤਾ ਨੂੰ ਸਿੱਧੇ ਪੈਸੇ ਦੇਣ ਦੇ ਜ਼ਿੰਮੇਵਾਰ ਹੁੰਦੇ ਹਨ।

8. ਆਉਣ ਵਾਲੇ ਸਾਲਾਂ ਵਿਚ ਸਿੱਧੀ ਭੁਗਤਾਨ ਫੰਡਿੰਗ ਜਾਰੀ ਰੱਖਣ ਲਈ ਸਮਝੌਤੇ ਵਾਲੇ ਦਸਤਖਤਕਰਤਾ ਲਾਜ਼ਮੀ ਜਮਾਂ ਕਰਵਾਉਣ, ਲੋੜੀਂਦੇ ਕਾਗਜ਼ਾਤ, ਜਿਸ ਵਿਚ ਭਰਿਆ ਅਤੇ ਦਸਤਖਤ ਕੀਤਾ ਅਕਾਂਉਟੈਂਟ ਕੰਫਰਮੇਸ਼ਨ ਫਾਰਮ ਅਤੇ ਉਸਦੇ ਸਮਰਥਨ ਪੇਪਰ ਹੋਣ (ਜਿਵੇਂ ਕਿ; ਵੇਰਵੇ ਵਾਲੇ ਅਸਲੀ ਬਿਲ, ਰਸੀਦਾਂ, ਔਟਿਜ਼ਮ ਫੰਡਿੰਗ ਖਾਤੇ ਦੀਆਂ ਬੈਂਕ ਸਟੇਟਮੈਂਟਾਂ ਜਿਸ ਵਿਚ ਬਕਾਇਆ ਦਸਿਆ ਹੋਵੇ, ਔਟਿਜ਼ਮ ਫੰਡਿੰਗ ਬਰਾਂਚ ਵਲੋਂ ਮੰਜ਼ੂਰਸ਼ੁਦਾ ਚਿਠੀਆਂ ਆਦਿ) ਸਿੱਧੇ ਭੁਗਤਾਨ ਫੰਡਿੰਗ ਸਮੇਂ ਦੇ ਅੰਤ ਦੇ 60 ਦਿਨਾਂ ਦੇ ਅੰਦਰ। ਇਨ੍ਹਾਂ ਕਾਗਜ਼ਾਤਾਂ ਤੋਂ ਪੱਕਾ ਹੁੰਦਾ ਹੈ ਕਿ ਕਿਹੜੀ ਸੇਵਾ ਅਤੇ ਸਹਾਇਤਾ ਲਈ ਗਈ ਸੀ ਅਤੇ ਉਸ ਸੇਵਾ ਅਤੇ ਸਹਾਇਤਾ ਦੀ ਪੇਅਮੰਟ ਹੋ ਗਈ ਹੈ ਕਿ ਨਹੀਂ।

9. ਅਕਾਂਉਟੈਂਟ ਕੰਫਰਮੇਸ਼ਨ ਫਾਰਮ ਤੇ ਦਿਤੀ ਜਗਹ ਤੇ ਨਾ ਵਰਤੇ ਗਏ ਫੰਡਾਂ ਨੂੰ ਸਪਸ਼ਟ ਕਰਕੇ ਲਿਖਣਾ ਜ਼ਰੂਰੀ ਹੈ।

10. ਇਕ ਫੰਡਿੰਗ ਸਮੇਂ ਦੇ ਅੰਤ ਵਿਚ $1,500 ਪਹਿਲਾਂ ਹੀ ਅਗਲੇ ਫੰਡਿੰਗ ਸਮੇਂ ਦੇ ਹੋਣ ਵਾਲੇ ਔਟਿਜ਼ਮ ਦਖਲ ਖਰਚੇ ਲਈ ਦਿਤੇ ਜਾਣਗੇ।

11. ਇਕ ਫੰਡਿੰਗ ਸਮੇਂ ਦੇ ਅੰਤ ਤਕ ਨਾ ਖਰਚੀ ਗਈ ਰਕਮ ਅਗਲੇ ਫੰਡਿੰਗ ਸਮੇਂ ਦੀ ਕੁਲ ਰਕਮ $6,000 ਦਾ ਹਿਸਾ ਹੀ ਗਿਣੀ ਜਾਵੇਗੀ।

12. ਨਵੇਂ ਫੰਡਿੰਗ ਸਮੇਂ ਦੀ ਬਕਾਇਆ ਰਕਮ AFB ਕੋਲ ਲੋੜੀਂਦੇ ਕਾਗਜ਼ਾਤ ਪਹੁੰਚਨ, ਉਨ੍ਹਾਂ ਤੇ ਕਾਰਵਾਈ ਹੋਣ ਅਤੇ ਮੰਜ਼ੂਰੀ ਹੋਣ ਤੋਂ ਬਾਅਦ ਦਿਤੀ ਜਾਵੇਗੀ ਪਰ ਜੇ ਸਿੱਧੇ ਭੁਗਤਾਨ ਦਾ ਸਮਝੌਤਾ ਹੋ ਚੁਕਿਆ ਹੈ। ਹਰ ਫੰਡਿੰਗ ਸਮੇਂ ਦੀ ਕੁਲ ਰਕਮ $6,000 ਤੋਂ ਵੱਧ ਨਹੀਂ ਹੋਵੇਗੀ।

13. ਜੇਕਰ ਸਮਝੌਤੇ ਤੇ ਦਸਤਖਤਕਰਤਾ ਅਕਾਂਉਟੈਂਟ ਕੰਫਰਮੇਸ਼ਨ ਫਾਰਮ ਭਰ ਕੇ ਉਸਦੇ ਸਮਰਥਨ ਪੇਪਰ ਨਾਲ ਉਸ ਫੰਡਿੰਗ ਸਮੇਂ ਵਿਚ ਮਿਲੀ $6,000 ਔਟਿਜ਼ਮ ਫੰਡਿੰਗ ਦਾ ਹਿਸਾਬ ਜਮਾਂ ਨਹੀਂ ਕਰਦੇ ਤਾਂ ਉਹ ਸਿੱਧੇ ਭੁਗਤਾਨ ਢੰਗ ਰਾਹੀਂ ਫੰਡਿੰਗ ਲੈਣ ਦੇ ਯੋਗ ਨਹੀਂ ਰਹਿਣਗੇ। ਉਹ ਭਵਿੱਖ ਵਿਚ ਕੇਵਲ ਬਿਲ ਜਮਾਂ ਕਰਾਕੇ ਹੀ ਔਟਿਜ਼ਮ ਫੰਡਿੰਗ ਲੈ ਸਕਣਗੇ।

14. MCFD ਕੋਲ ਜਮਾਂ ਕਰਾਏ ਸਾਰੇ ਕਾਗਜ਼ ਔਡਿਟ ਹੋ ਸਕਦੇ ਹਨ। ਜੇ ਇਹ ਪਤਾ ਲਗ ਜਾਂਦਾ ਹੈ ਕਿ ਔਟਿਜ਼ਮ ਫੰਡਿੰਗ ਅਯੋਗ ਸਾਮਾਨ ਸਹਾਇਤਾ ਅਤੇ/ਜਾਂ ਸੇਵਾ ਉਤੇ ਖਰਚੀ ਗਈ ਹੈ ਤਾਂ ਮਾਪੇ/ਲੀਗਲ ਗਾਰਡੀਅਨ, ਜਿਨ੍ਹਾਂ ਨੇ ਸਿੱਧੇ ਭੁਗਤਾਨ ਦੇ ਸਮਝੌਤੇ ਤੇ ਦਸਤਖਤ ਕੀਤੇ ਹੁੰਦੇ ਹਨ, ਨੂੰ ਅਯੋਗ ਖਰਚ ਕੀਤੇ ਪੈਸੇ MCFD ਨੂੰ ਵਾਪਿਸ ਕਰਨੇ ਪੈਣਗੇ।

15. ਜੇ ਮਾਪੇ/ਲੀਗਲ ਗਾਰਡੀਅਨ, ਸਿੱਧੇ ਭੁਗਤਾਨ ਦੇ ਸਮਝੌਤੇ ਅਧੀਨ ਆਪਣੀ ਕਿਸੇ ਵੀ ਜ਼ਿੰਮੇਵਾਰੀ ਨੂੰ ਨਹੀਂ ਨਿਭਾਂਉਦੇ ਤਾਂ ਸੂਬੇ ਵਾਲੇ ਲਿਖਤੀ ਨੋਟਿਸ ਦੇ ਕੇ ਤੁਰੰਤ ਸਿੱਧੇ ਭੁਗਤਾਨ ਦਾ ਸਮਝੌਤਾ ਖਤਮ ਕਰ ਸਕਦੇ ਹਨ ਅਤੇ ਕੋਈ ਹੋਰ ਢੰਗ, ਜੋ ਪਰੌਵਿੰਸ ਜ਼ਰੂਰੀ ਜਾਂ ਮੁਨਾਸਿਬ ਸਮਝੇ, ਵਰਤ ਸਕਦੇ ਹਨ।

16. ਜੇ ਸਿੱਧੇ ਭੁਗਤਾਨ ਦਾ ਸਮਝੌਤਾ, ਸਮਝੌਤੇ ਅਧੀਨ ਜ਼ਿੰਮੇਵਾਰੀਆਂ ਨਾ ਮੰਨਣ ਕਰਕੇ ਕੈਂਸਲ ਹੋ ਜਾਂਦਾ ਹੈ, ਤਾਂ ਵੀ ਪਰਿਵਾਰ ਬਿਲ ਪੇਅਮੰਟ ਢੰਗ ਰਾਹੀਂ ਔਟਿਜ਼ਮ ਫੰਡਿੰਗ ਲੈ ਸਕਦਾ ਹੈ ਪਰ ਭਵਿੱਖ ਵਿਚ ਵੀ ਸਿੱਧੇ ਭੁਗਤਾਨ ਢੰਗ ਰਾਹੀਂ ਫੰਡਿੰਗ ਲੈਣ ਦੇ ਯੋਗ ਨਹੀਂ ਹੋ ਸਕਦਾ।

17. ਜੇ ਸਿੱਧੇ ਭੁਗਤਾਨ ਦਾ ਸਮਝੌਤਾ ਖਤਮ ਜਾਂ ਰੱਦ ਹੋ ਜਾਂਦਾ ਹੈ ਤਾਂ ਨਾ ਖਰਚ ਕੀਤੀ ਰਕਮ ਅਤੇ/ਜਾਂ ਅਯੋਗ ਖਰਚ ਕੀਤੀ ਰਕਮ AFB ਨੂੰ ਲਾਜ਼ਮੀ ਵਾਪਿਸ ਦੇਣੀ ਪੈਂਦੀ ਹੈ।





# ਸੇਵਾ ਪ੍ਰਦਾਨ ਕਰਤਾ ਲਈ ਜਾਣਕਾਰੀ ਸਫਾ

## *ਆਮ ਜਾਣਕਾਰੀ*

ਬੱਚਿਆਂ ਅਤੇ ਪਰਿਵਾਰ ਵਿਕਾਸ ਮੰਤਰਾਲੇ ਔਟਿਜ਼ਮ ਦੇ ਦੋ ਪ੍ਰੋਗਰਾਮ ਪ੍ਰਦਾਨ ਕਰਦੇ ਹਨ:

1. ਔਟਿਜ਼ਮ ਫੰਡਿਗ: ਉੱਮਰ 6 ਤੋਂ ਘੱਟ (ਕ੍ਰਿਪਾ ਕਰ ਕੇ ਹੋਰ ਜਾਣਕਾਰੀ ਲਈ ਦੇਖੋ 10 -13)
2. ਔਟਿਜ਼ਮ ਫੰਡਿੰਗ: ਉੱਮਰ 6 ਤੋਂ 18 (ਕ੍ਰਿਪਾ ਕਰਕ ਹੋਰ ਜਾਣਕਾਰੀ ਲਈ ਦੇਖੋ 14 -15)

- ਫੰਡਿੰਗ ਦੇ ਪ੍ਰੋਗਰਾਮਾਂ ਦਾ ਮਕਸਦ ਪਰਿਵਾਰਾਂ ਦੀ ਮਦਦ ਕਰਣਾ ਹੈ ਤਾਕਿ ਉਹ ਯੋਗ ਔਟਿਜ਼ਮ ਦਖਲ ਸੇਵਾਵਾਂ (ਵਧੀਆ ਅਮਲ ਤੇ ਅਧਾਰਿਤ) ਆਪਣੇ ਬੱਚੇ ਦੀ ਗਲਬਾਤ, ਸਮਾਜਿਕ-ਭਾਵਨਾਤਮਕ, ਪੜਾਈ ਤੋਂ ਪਹਿਲਾਂ, ਪੜਾਈ ਅਤੇ ਜੀਵਨ ਦੇ ਕੰਮਕਾਰੀ ਹੁੱਨਰ ਲਈ ਹਾਸਿਲ ਕਰ ਸਕਣ।
- ਪਰਿਵਾਰ ਉਹ ਯੋਗ ਸੇਵਾਵਾਂ ਅਤੇ/ਜਾਂ ਸੇਵਾ ਪ੍ਰਦਾਨ ਕਰਤਾ ਚੁਣ ਸਕਦੇ ਹਨ ਜੋ ਉਨ੍ਹਾਂ ਦੇ ਬੱਚੇ ਅਤੇ ਪਰਿਵਾਰ ਲਈ ਠੀਕ ਹਨ। ਯੋਗ ਸੇਵਾਵਾਂ ਅਤੇ ਸੇਵਾ ਪ੍ਰਦਾਨ ਕਰਤਾ ਦੇ ਵੇਰਵੇ ਲਈ, ਕ੍ਰਿਪਾ ਕਰਕੇ ਦੇਖੋ ਸਫਾ 10-15.
- ਔਟਿਜ਼ਮ ਫੰਡਿੰਗ ਲੈਣ ਵਾਲੇ ਸਾਰੇ ਪਰਿਵਾਰ ਆਪਣੀ ਫੰਡਿੰਗ 'ਬਿਲ ਪੇਅਮੰਟ' ਚੁਣ ਕੇ ਦੇਖ ਸਕਦੇ ਹਨ, ਜਿਥੇ ਸਰਕਾਰ ਨੇ ਬੱਚੇ ਲਈ ਪੈਸੇ ਵੱਖ ਰੱਖੇ ਹੁੰਦੇ ਹਨ ਅਤੇ ਯੋਗ ਸੇਵਾ ਪ੍ਰਦਾਨ ਕਰਤਾ ਜਾਇਜ਼ ਬਿਲ ਜਮਾਂ ਕਰਵਾ ਕੇ ਲੈ ਸਕਦੇ ਹਨ।
- 12 ਤੋਂ 18 ਸਾਲ ਦੇ ਬੱਚਿਆਂ ਦੇ ਪਰਿਵਾਰ ਆਪਣੇ ਪੈਸੇ 'ਡਾਇਰੈਕਟ ਪੇਅਮੰਟ' ਹੇਠ ਦੇਖ ਸਕਦੇ ਹਨ।'ਡਾਇਰੈਕਟ ਪੇਅਮੰਟ' ਵਾਲੇ ਪਰਿਵਾਰਾਂ ਨੂੰ ਦਿਤੀਆਂ ਸੇਵਾਵਾਂ ਲਈ ਸੇਵਾ ਪ੍ਰਦਾਨ ਕਰਤਾ ਦੇ ਭੁਗਤਾਨ ਬਾਰੇ ਸਵਾਲ ਪਰਿਵਾਰ ਨੂੰ ਹੀ ਪੁਛੋ ਨਾ ਕਿ ਔਟਿਜ਼ਮ ਫੰਡਿੰਗ ਬਰਾਂਚ ਨੂੰ[
- 'ਬਿਲ ਭੁਗਤਾਨ' ਅਤੇ 'ਸਿੱਧੇ ਭੁਗਤਾਨ' ਚੋਣਾਂ ਬਾਰੇ ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਦੇਖੋਂ ਸਫਾ 17-18



## *ਔਟਿਜ਼ਮ ਫੰਡਿੰਗ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP)*

- ਔਟਿਜ਼ਮ ਸੇਵਾ ਪ੍ਰਦਾਨ ਕਰਤਾ ਦੀ ਰਜਿਸਟਰੀ (RASP)) ਉਨ੍ਹਾਂ ਪੇਸ਼ਾਵਰਾਂ ਦੀ ਸੂਚੀ ਹੁੰਦੀ ਹੈ, ਜਿਹੜੇ ਔਟਿਜ਼ਮ ਸਪੈਕਟਰਮ ਡਿਸਆਡਰ (ASD) ਵਾਲੇ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦੇ ਹਨ। (RASP) ਵਿਚ ਸ਼ਾਮਿਲ ਹੁੰਦੇ ਹਨ, ਵਰਤਾਉ ਸਲਾਹਕਾਰ/ਵਿਸ਼ਲੇਸ਼ਕ, ਬੋਲੀ ਦੇ ਥੈਰਪਿਸਟ (S-LP), ਕੰਮ ਦੇ ਥੈਰਪਿਸਟ (OT) ਅਤੇ ਸ਼ਰੀਰਿਕ ਥੈਰਪਿਸਟ (PT)
- RASP ਦਾ ਮਕਸਦ ਇਹ ਪੱਕਾ ਕਰਣਾ ਹੈ ਕਿ ASD ਵਾਲੇ ਛੋਟੇ ਬੱਚਿਆਂ ਦੇ ਮਾਪੇ ਉਨ੍ਹਾਂ ਪੇਸ਼ਾਵਰਾਂ ਦੀਆਂ ਸੇਵਾਵਾਂ ਹਾਸਿਲ ਕਰ ਸਕਣ, ਜੋ ਪੜਾਈ, ਸਿਖਲਾਈ ਅਤੇ ਤਜੁਰਬੇ ਵਿਚ ਇਸ ਕਾਬਿਲ ਹੋਣ ਕਿ ਉਹ ਤੀਬਰ, ਭਰਪੂਰ ਅਤੇ ਅਸਰਮੰਦ ਇਲਾਜ ਦੇ ਪ੍ਰੋਗਰਾਮ ਲਾਗੂ ਕਰ ਸਕਣ ਅਤੇ ਉਨ੍ਹਾਂ ਦੀ ਨਿਗਰਾਨੀ ਕਰ ਸਕਣ।
- RASP ਦਾ ਪ੍ਰਬੰਧ ACT- ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਕਰਦੀ ਹੈ MCFD ਵਲੋਂ। MCFD ਹੀ ਫੈਸਲਾ ਕਰਦੀ ਹੈ ਕਿ ਕਿਨ੍ਹਾਂ ਪੇਸ਼ਾਵਰਾਂ ਦਾ ਨਾਮ RASP ਸੂਚੀ ਵਿਚ ਲਿਖਣਾ ਹੈ, ACT ਨਹੀਂ।
- RASP ਵਿਚ ਆਪਣਾ ਨਾਂ ਸ਼ਾਮਿਲ ਕਰਵਾਉਣ ਲਈ, ਪੇਸ਼ਾਵਰਾਂ ਨੂੰ MCFD ਦੇ ਮਿਆਰ ਅਨੁਸਾਰ ਆਪਣੀ ਵਿਦਿਆ ਤੇ ਤਜੁੱਰਬਾ ਦਿਖਾਉਣਾ ਪੈਂਦਾ ਹੈ।
- ਲਈ ਅਰਜ਼ੀ ਇਥੇ ਦਿਤੀ ਜਾ ਸਕਦੀ ਹੈ: *www.mcf.gov.bc.ca/autism/pdf/cf_0901.pdf.*
- ਅਰਜ਼ੀ ਬਾਰੇ ਪੁੱਛ-ਗਿੱਛ; ਅਪੀਲ ਲਈ ACT- ਔਟਿਜ਼ਮ ਕਮਿਉਨਿਟੀ ਟ੍ਰੇਨਿੰਗ ਨਾਲ *www.actcommunity.ca/rasp/sp-info* ਤੇ ਸੰਪਰਕ ਬਾਰੇ ਜਾਣਕਾਰੀ ਲਈ ਜਾਉ।
- ਔਟਿਜ਼ਮ ਫੰਡਿੰਗ ਰਾਹੀਂ ਪੈਸਾ ਲੈਣ ਵਾਲੇ ਪਰਿਵਾਰਾਂ ਨੂੰ: ਉੱਮਰ 6 ਤੋਂ ਘੱਟ ਦੇ ਪ੍ਰੋਗਰਾਮਾਂ ਲਈ RASP ਦੀ ਸੂਚੀ ਵਿਚੋਂ ਪੇਸ਼ਾਵਰਾਂ ਚੁਨਣਾ ਲਾਜ਼ਮੀ ਹੈ।
- ਔਟਿਜ਼ਮ ਫੰਡਿੰਗ ਲੈਣ ਵਾਲੇ ਪਰਿਵਾਰਾਂ ਨੂੰ: ਉੱਮਰ 6 ਤੋਂ 18 ਦੇ ਪ੍ਰੋਗਰਾਮਾਂ ਲਈ RASP ਦੀ ਸੂਚੀ ਵਿਚੋਂ ਪੇਸ਼ਾਵਰਾਂ ਚੁਨਣਾ ਲਾਜ਼ਮੀ ਨਹੀਂ ਹੈ ਭਾਵੇਂ ਇਹ ਇਹ ਜ਼ੋਰਦਾਰ ਸੁਝਾਅ ਦਿਤਾ ਜਾਂਦਾ ਹੈ।
- ਵਰਤਾਉ ਦਖਲ ਕਰਤਾ (BI) ਨੂੰ RASP ਦੀ ਲਿਸਟ ਤੇ ਹੋਣ ਦੀ ਲੋੜ ਨਹੀਂ, ਕਿਉਂਕਿ ਉਨ੍ਹਾਂ ਕੋਲ ਇਕਲਿਆਂ ਕੰਮ ਕਰਨ ਜਾਂ ਦਖਲ ਯੋਜਨਾ ਬਨਾਉਣ ਅਤੇ ਉਸ ਵਿਚ ਬਦਲਾਉ ਕਰਣ ਦੀ ਯੋਗਤਾ ਨਹੀਂ ਹੁੰਦੀ; ਉਨ੍ਹਾਂ ਨੂੰ RASP ਪੇਸ਼ਾਵਰਾਂ ਦੀ ਨਿਗਰਾਨੀ ਹੇਠ ਕੰਮ ਕਰਨਾ ਪੈਂਦਾ ਹੈ। ਅਸਲ ਵਿਚ RASP ਪੇਸ਼ਾਵਰਾਂ ਹੀ BI ਦੇ ਕੰਮ ਦੇ ਜ਼ਿੰਮੇਵਾਰ ਹੁੰਦੇ ਹਨ।
- ਹੋਰ ਜਾਣਕਾਰੀ ਲਈ ਦੇਖੋ: *www.actcommunity.ca/rasp/sp-info/rasp-application-process*

### *ਔਟਿਜ਼ਮ ਫੰਡਿੰਗ: 6 ਸਾਲ ਤੋਂ ਘੱਟ*

- ਔਟਜ਼ਿਮ ਫੰਡਿੰਗ ਲੈਣ ਵਾਲੇ ਬੱਚਿਆਂ ਦੇ ਮਾਪੇ: ਉੱਮਰ 6 ਸਾਲ ਤੋਂ ਘੱਟ ਦੇ ਪ੍ਰੋਗਰਾਮਾਂ ਲਈ, RASP ਸੂਚੀ ਵਿਚੋਂ ਵਰਤਾਉ ਸਲਾਹਕਾਰ/ਵਿਸ਼ਲੇਸ਼ਕ, SLP, OT, ਅਤੇ PT ਲਾਜ਼ਮੀ ਤੌਰ ਤੇ ਚੁਨਣ।
- ਵਰਤਾਉ ਸਲਾਹਕਾਰ/ਵਿਸ਼ਲੇਸ਼ਕ, S-LP, OT, ਅਤੇ PT, ਜਿਹੜੇ RASP ਸੂਚੀ ਵਿਚ ਨਹੀਂ ਹਨ, ਔਟਿਜ਼ਮ ਫੰਡਿੰਗ: 6 ਸਾਲ ਤੋਂ ਘੱਟ ਪ੍ਰੋਗਰਾਮ ਲਈ ਹੱਕਦਾਰ ਨਹੀਂ ਹਨ।
- ਵਰਤਾਉ ਸਬੰਧੀ ਦਖਲ ਯੋਜਨਾ (BPI):
  - MCFD ਦੀ ਇਹ ਪਾਲਿਸੀ ਹੈ ਕਿ ਹਰ ਬੱਚੇ ਦੀ ਦਖਲ ਪ੍ਰੋਗਰਾਮ ਯੋਜਨਾ ਉਸ ਦੀਆਂ ਵਿਲੱਖਣ ਤਾਕਤਾਂ ਅਤੇ ਲੋੜਾਂ ਤੇ ਅਧਾਰਿਤ ਹੋਵੇ। BPI ਆਮ ਤੌਰ ਤੇ ਵਰਤਾਉ ਸਲਾਹਕਾਰ/ਵਿਸ਼ਲੇਸ਼ਕ ਵਲੋਂ ਪਰਿਵਾਰ ਅਤੇ ਹੋਰ ਪੇਸ਼ਾਵਰਾਂ, ਜਿਵੇਂ ਕਿ SLP, OT, PT ਜਾਂ ਹੋਰ ਸਿਖਲਾਈ ਦੇਣ ਵਾਲੇ ਦੀ ਸਲਾਹ ਨਾਲ ਲਿਖੀ ਜਾਂਦੀ ਹੈ। BPI ਉੱਤੇ ਬਕਾਇਦਾ ਮੁੜ ਗੌਰ ਅਤੇ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ, ਇਹ ਪੱਕਾ ਕਰਣ ਲਈ ਕਿ ਤੁਹਾਡਾ ਬੱਚਾ ਸਾਰਥਕ ਤਰੱਕੀ ਕਰਦਾ ਰਹੇ।

### *ਔਟਿਜ਼ਮ ਫੰਡਿੰਗ: 6 ਤੋ 18 ਸਾਲ*

- ਵਰਤਾਉ ਸਲਾਹਕਾਰ/ਵਿਸ਼ਲੇਸ਼ਕ, SLP, OT, ਅਤੇ PT ਜਿਹੜੇ ਔਟਿਜ਼ਮ ਫੰਡਿੰਗ ਲੈਣ ਵਾਲੇ ਬੱਚਿਆਂ: 6 ਤੋਂ 18 ਸਾਲ ਦੇ ਪ੍ਰੋਗਰਾਮਾਂ ਨਾਲ ਕੰਮ ਕਰਨ ਵਾਲਿਆਂ ਨੂੰ RASP ਦੀ ਸੂਚੀ ਤੇ ਹੋਣ ਦੀ ਲੋੜ ਨਹੀਂ, ਭਾਵੇਂ ਇਹ ਸੁਝਾਅ ਜ਼ੋਰ ਨਾਲ ਦਿਤਾ ਜਾਂਦਾ ਹੈ।
- ਔਟਿਜ਼ਮ ਫੰਡਿੰਗ ਪ੍ਰੋਗਰਾਮਾਂ ਨੂੰ ਬਿਲ ਭੇਜਣ ਦੀਆ ਜਾਇਜ਼ ਸੇਵਾਵਾਂ ਦੀਆਂ ਕਿਸਮਾਂ ਅਤੇ ਸੇਵਾ ਪ੍ਰਦਾਨ ਕਰਤਾ ਬਾਰੇ ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਦੇਖੋ ਸਫਾ 11-15

### *ਵਰਤਾਉ ਦਖਲ ਇਲਾਜਕਰਤਾ (BIs)*

- ਵਰਤਾਉ ਸਬੰਧੀ ਦਖਲਕਰਤਾ (BI) ਸਿਖਲਾਈ ਲਏ ਪੇਸ਼ਾਵਰ ਹੁੰਦੇ ਹਨ, ਜੋ ਹਮੇਸ਼ਾ ਵਰਤਾਉ ਵਿਸ਼ਲੇਸ਼ਕ/ ਸਲਾਹਕਾਰ SLP, OT, ਜਾਂ PT ਦੀ ਨਿਗਰਾਨੀ ਹੇਠ ਕੰਮ ਕਰਦੇ ਹਨ। BI ਦਾ ਟੀਮ ਵਿਚ ਕੀ ਯੋਗਦਾਨ ਹੁੰਦਾ ਹੈ, ਬਾਰੇ ਹੋਰ ਵੇਰਵੇ ਨਾਲ ਜਾਨਣ ਲਈ ਕ੍ਰਿਪਾ ਕਰਕੇ ਦੇਖੋ ਸਫਾ 21
- ਵਰਤਾਉ ਸਬੰਧੀ ਦਖਲਕਰਤਾ (BI) ਔਟਿਜ਼ਮ ਫੰਡਿੰਗ ਬਰਾਂਚ ਨੂੰ ਬਿਲ ਭੇਜਣ ਦੇ ਯੋਗ ਹੁੰਦੇ ਹਨ ਜੇ ਉਨ੍ਹਾਂ ਦੀ ਉਮਰ 19 ਸਾਲ ਤੋਂ ਵੱਧ ਹੈ ਅਤੇ ਉਨ੍ਹਾਂ ਦਾ ਫੌਜਦਾਰੀ (ਕਰਿਮਨਲ) ਰਿਕਾਰਡ ਸਾਫ ਹੈ।
- BI ਨੂੰ ਰਖੱਣ ਵਾਲੇ ਮਾਪੇ/ਗਾਰਡੀਅਨ ਦੀ ਇਹ ਜੁੰਮੇਵਾਰੀ ਬਣਦੀ ਹੈ ਕਿ ਉਹ ਪੱਕਾ ਕਰਨ ਕਿ BI ਦਾ ਫੌਜਦਾਰੀ (ਕਰਿਮਨਲ) ਰਿਕਾਰਡ ਅਜ ਤਕ ਚੈਕ ਹੋਇਆ ਹੋਵੇ।
- BIs ਦਾ ਨਾਂ RASP ਸੂਚੀ ਤੇ ਹੋਣਾ ਲਾਜ਼ਮੀ ਨਹੀਂ ਹੈ।
- BIs ਤੇ RASP ਪੇਸ਼ਾਵਰ ਨਿਗਰਾਨੀ ਰਖਦੇ ਹਨ ਔਟਿਜ਼ਮ ਫੰਡਿੰਗ ਵਿਚ: ਉੱਮਰ 6 ਸਾਲ ਤੋਂ ਘੱਟ ਪ੍ਰੋਗਰਾਮ ਦੇ ਅਤੇ ਕਾਬਿਲ ਪੇਸ਼ਾਵਰ ਔਟਿਜ਼ਮ ਫੰਡਿੰਗ ਵਿਚ ਉੱਮਰ 6-18 ਦੇ ਕਿਉਂਕਿ ਉਨ੍ਹਾਂ ਕੋਲ ਇਕਲਿਆਂ ਕੰਮ ਕਰਣ ਜਾਂ ਆਪ ਦਖਲ ਯੋਜਨਾ ਬਨਾਉਣ ਅਤੇ ਉਸ ਵਿਚ ਤਬਦੀਲੀ ਕਰਣ ਦੀ ਯੋਗਤਾ ਨਹੀਂ ਹੁੰਦੀ।
- BI ਦਾ ਸੁਪਰਵਾਈਜ਼ਰ (ਖਾਸ ਕਰਕੇ RASP ਪੇਸ਼ਾਵਰ) ਹੀ ਅੰਤ ਵਿਚ BI ਦੇ ਕੰਮ ਦੇ ਜਿੰਮੇਵਾਰ ਹੁੰਦੇ ਹਨ)

### *ਨੌਕਰੀ ਨਾਲ ਸਬੰਧਤ ਖਰਚੇ*

- ਮਾਪੇ ਅਤੇ ਸੇਵਾ ਪ੍ਰਦਾਨ ਕਰਤਾ ਨੋਕਰੀ ਸਬੰਧੀ ਖਰਚਿਆਂ ਦਾ ਪ੍ਰਬੰਧ ਕਰਨ ਦੇ ਜ਼ਿੰਮੇਵਾਰ ਹੁੰਦੇ ਹਨ, ਜਿਵੇਂ ਕਿ: ਕੈਨੇਡਾ ਪੈਨਸ਼ਨ ਪਲੈਨ, ਰੋਜ਼ਗਾਰ ਦੀ ਇੰਸ਼ੋਰੰਸ ਜਾਂ ਵਰਕਰਜ਼ ਕੰਪਨਸੇਸ਼ਨ ਬੋਰਡ ਦੀਆਂ ਕਿਸ਼ਤਾਂ। MCFD ਇਹ ਪੇਅਮੈਂਟਾਂ ਮਾਪਿਆਂ ਵਲੋਂ ਨਹੀ ਦੇ ਸਕਦੀ ਪਰ ਮਾਪਿਆਂ ਨੂੰ ਐਸੇ ਖਰਚੇ ਵਾਪਿਸ ਕਰ ਸਕਦੀ ਹੈ।
- ਟੈਕਸ ਕਟਣ ਅਤੇ ਨੌਕਰੀ ਨਾਲ ਸਬੰਧਤ ਖਰਚਿਆਂ ਬਾਰੇ ਹੋਰ ਜਾਣਕਾਰੀ ਕੈਨੇਡਾ ਰੈਵਨਿਊ ਏਜੰਸੀ ਤੋਂ ਮਿਲ ਸਕਦੀ ਹੈ। ਇੱਥੇ ਜਾਓ *www.cra-arc.gc.ca/menu-eng.html*.
- ਸੇਵਾ ਪ੍ਰਦਾਨ ਕਰਤਾ ਦਾ ਆਪਣਾ ਜਾਂ ਆਪਣੇ ਕੋਲ ਰੱਖਿਆ ਸਾਮਾਨ ਅਤੇ/ਜਾਂ ਸਪਲਾਈ (ਜਿਵੇਂ ਕਿ ਕੰਪਿਊਟਰ ਪ੍ਰੋਗਰਾਮ, ਲੈਮੀਨੇਟਰ ਆਦਿ) ਔਟਿਜ਼ਮ ਫੰਡਿੰਗ ਪ੍ਰੋਗਰਾਮਾਂ ਹੇਠ ਬਿਲ ਕਰਨ ਵਾਲੇ ਯੋਗ ਖਰਚੇ ਨਹੀਂ ਹਨ।

## ਬਿਲ ਅਤੇ ਭੁਗਤਾਨ

### ਆਮ ਜਾਣਕਾਰੀ

- MCFD ਸਾਰੇ ਅਧਿਕਾਰਤ ਬਿਲ ਆਪਣੇ ਕੋਲ ਪਹੁੰਚਨ ਮਗਰੋਂ 30 ਕੰਮ ਦੇ ਦਿਨਾਂ ਦੇ ਅੰਦਰ ਉਨ੍ਹਾਂ ਦਾ ਭੁਗਤਾਨ ਕਰਨ ਲਈ ਵਚਨਬੱਧ ਹੈ, ਭਾਵੇਂ ਕਿ ਬਹੁਤੇ ਪਹਿਲਾਂ ਹੀ ਭੁਗਤਾ ਦਿਤੇ ਜਾਂਦੇ ਹਨ।
- ਸੇਵਾ ਪ੍ਰਦਾਨ ਕਰਤਾ ਮਹੀਨੇ ਵਿਚ ਇਕ ਵਾਰ ਬਿਲ ਭੇਜ ਸਕਦੇ ਹਨ।
- ਪ੍ਰਦਾਨ ਕਰਤਾ ਭਵਿੱਖ ਦੀਆਂ ਤਰੀਕਾਂ ਦੀਆਂ ਸੇਵਾਵਾਂ ਜਾਂ ਗੈਰਹਾਜ਼ਿਰੀ ਵਾਲਿਆਂ ਅਪਾਇੰਟਮੈਂਟਾਂ ਭੁਗਤਾਨ ਦੇ ਯੋਗ ਨਹੀਂ ਹੁੰਦੀਆਂ।
- ਸੇਵਾ ਪ੍ਰਦਾਨ ਕਰਤਾ ਕੋਲ ਸੇਵਾ ਦੇਣ ਤੋਂ ਮਗਰੋਂ ਛੇ ਮਹੀਨੇ ਤਕ ਦਾ ਸਮਾਂ ਹੁੰਦਾ ਹੈ ਬਿਲ ਜਮਾਂ ਕਰਵਾਉਣ ਲਈ।
- ਇਹ ਜ਼ੋਰਦਾਰ ਸੁਝਾਅ ਦਿਤਾ ਜਾਂਦਾ ਹੈ ਕਿ ਸੇਵਾ ਪ੍ਰਦਾਨ ਕਰਤਾ ਇਲੈਕਟ੍ਰੋਨਿਕ ਫੰਡ ਟਰਾਂਸਫਰ (EFT) ਲਈ ਸਾਈਨ ਕਰਨ, ਤਾਕਿ ਬੈਂਕ ਦੇ ਖਾਤੇ ਵਿਚ ਪੈਸੇ ਛੇਤੀ ਆ ਜਾਣ, ਅਕਸਰ ਤਿੰਨ ਤੋਂ ਪੰਜ ਦਿਨਾਂ ਵਿਚ ਬਿਲ ਭੁਗਤ ਜਾਂਦੇ ਹਨ। EFT ਦਾ ਵੇਰਵਾ ਹਰ ਭੁਗਤਾਨ ਪਿਛੋਂ ਸੇਵਾ ਪ੍ਰਦਾਨ ਕਰਤਾ ਨੂੰ ਈਮੇਲ ਕਰ ਦਿਤਾ ਜਾਂਦਾ ਹੈ। ਹੋਰ ਜਾਣਕਾਰੀ ਲਈ, ਕ੍ਰਿਪਾ ਕਰਕੇ ਜਾਉ *www.mcf.gov.bc.ca/childcare/pdfs/0312FILL.pdf* ਸਾਈਟ ਤੇ।

### ਸੇਵਾ ਪ੍ਰਦਾਨ ਕਰਤਾ ਦੇ ਬਿਲ ਭੇਜਣ ਤੋਂ ਪਹਿਲਾਂ: ਭੁਗਤਾਨ ਦੀ ਬੇਨਤੀ ਅਤੇ ਫਾਰਮ ਵਿਚ ਸੋਧ ਕਰਣ ਦੀ ਬੇਨਤੀ

- ਜਦੋਂ ਇਕ ਵਾਰ ਮਾਪੇ/ ਗਾਰਡੀਅਨ ਆਪਣੇ ਬੱਚੇ ਨਾਲ ਕੰਮ ਕਰਨ ਲਈ ਸੇਵਾ ਪ੍ਰਦਾਨ ਕਰਤਾ ਚੁਣ ਲੈਂਦੇ ਹਨ ਤਾਂ ਉਹ MCFD ਦੀ ਔਟਿਜ਼ਮ ਫੰਡਿੰਗ ਬਰਾਂਚ (AFB) ਨੂੰ ਇਤਲਾਹ ਕਰ ਦੇਂਦੇ ਹਨ, ਸੇਵਾ ਪ੍ਰਦਾਨ ਕਰਤਾ/ਸਪਲਾਇਅਰ (RTP) ਬੇਨਤੀ ਫਾਰਮ ਭਰ ਕੇ: *www.mcf.gov.bc.ca/autism/pdf/cf_0925.pdf*. MCFD ਦੀ ਦੇਖ ਰੇਖ ਵਾਲੇ ਬੱਚਿਆਂ ਦਾ ਕਾਨੂੰਨੀ ਗਾਰਡੀਅਨ MCFD ਦੇ ਸੋਸ਼ਲ ਵਰਕਰ ਹੁੰਦੇ ਹਨ। ਉਹ ਔਟਿਜ਼ਮ ਫੰਡਿੰਗ ਨਾਲ ਸਬੰਧਤ ਫਾਰਮਾਂ ਨੂੰ ਭਰਣ ਦੇ ਜ਼ਿੰਮੇਵਾਰ ਹੁੰਦੇ ਹਨ।
- RTP ਉੱਤੇ ਖਾਸ ਤੌਰ ਤੇ ਲਿਖਿਆ ਹੁੰਦਾ ਹੈ ਕਿ AFB ਵਾਲੇ ਵੱਧ ਤੋਂ ਵੱਧ ਕਿਸੇ ਸੇਵਾ ਲਈ ਕਿੰਨੇ ਪੈਸੇ ਘੰਟੇ ਜਾਂ ਰੋਜ਼ ਦੇ ਦੇ ਸਕਦੇ ਹਨ ਅਤੇ ਵੱਧ ਤੋਂ ਵੱਧ ਕਿੰਨੀ ਰਕਮ AFB ਵਾਲੇ ਇਕ ਫੰਡਿੰਗ ਮਿਆਦ ਵਿਚ ਸੇਵਾ ਪ੍ਰਦਾਨ ਕਰਤਾ ਨੂੰ ਦੇ ਸਕਦੇ ਹਨ।
- RTP ਫਾਰਮ ਤੇ AFB ਵਲੋਂ ਲਾਜ਼ਮੀ ਕਾਰਵਾਈ ਹੋ ਅਤੇ ਮੰਜ਼ੂਰੀ ਮਿਲ ਜਾਣੀ ਚਾਹੀਦੀ ਹੈ, ਸੇਵਾ ਪ੍ਰਦਾਨ ਕਰਤਾ ਵਲੋਂ ਦਿਤੀਆਂ ਸੇਵਾਵਾਂ ਦੇ ਬਿਲ ਭੇਜ ਕੇ ਪੈਸੇ ਲੈਣ ਤੋਂ ਪਹਿਲਾਂ।
- MCFD ਵਚਨਬੱਧ ਹੈ RTP ਫਾਰਮ ਪਹੁੰਚਨ ਦੇ 30 ਦਿਨ ਦੇ ਅੰਦਰ ਉਨ੍ਹਾਂ ਤੇ ਕਾਰਵਾਈ ਕਰਣ ਲਈ।
- ਇਕ ਵਾਰ ਜਦ RTP ਫਾਰਮ ਤੇ ਕਾਰਵਾਈ ਹੋ ਜਾਂਦੀ ਹੈ ਅਤੇ ਉਹ ਮੰਨਜ਼ੂਰ ਹੋ ਜਾਂਦਾ ਹੈ ਅਤੇ ਸੇਵਾ ਪ੍ਰਦਾਨ ਕਰਤਾ ਪ੍ਰੋਗਰਾਮ ਦੇ ਯੋਗ ਪਾਇਆ ਜਾਂਦਾ ਹੈ ਤਾਂ ਪ੍ਰਦਾਨ ਕਰਤਾ ਨੂੰ ਬਿਲਿੰਗ ਨੰਬਰ ਜਾਰੀ ਕਰ ਦਿਤਾ ਜਾਂਦਾ ਹੈ।
- ਬਿਲਿੰਗ ਨੰਬਰ ਹਰ ਉਸ ਬਿਲ ਤੇ ਹੋਣਾ ਚਾਹੀਦਾ ਹੈ ਜਿਹੜਾ AFB ਕੋਲ ਜਮਾਂ ਹੁੰਦਾ ਹੈ।
- ਇਹ ਸੁਝਾਓ ਦਿਤਾ ਜਾਂਦਾ ਹੈ ਕਿ ਜਦੋਂ ਤਕ ਪ੍ਰਦਾਨ ਕਰਤਾ ਦਾ AFB ਤੋਂ ਬਿਲਿੰਗ ਨੰਬਰ ਨਹੀਂ ਆ ਜਾਂਦਾ, ਉਹ ਸੇਵਾ ਨਾ ਦੇਣ। ਬਿਲਿੰਗ ਨੰਬਰ ਆਉਣ ਤੋਂ ਪਹਿਲਾਂ ਦਿਤੀਆਂ ਸੇਵਾਵਾਂ ਦਾ ਸੁਇਦ AFB ਵਲੋਂ ਭੁਗਤਾਨ ਨਾ ਹੋਵੇ ਅਤੇ ਮਾਪਿਆਂ ਤੇ ਇਸ ਖ਼ਰਚੇ ਦੀ ਜ਼ਿਮੇਵਾਰੀ ਆ ਪਵੇ।
- ਇਹ ਜ਼ੋਰਦਾਰ ਸੁਝਾਅ ਦਿਤਾ ਜਾਂਦਾ ਹੈ ਕਿ ਪਰਿਵਾਰ ਅਤੇ ਸੇਵਾ ਪ੍ਰਦਾਨ ਕਰਤਾ ਬਿਲਿੰਗ ਨੰਬਰ ਲਈ ਬਿਲ ਕੀਤੀਆ ਸੇਵਾਵਾਂ ਅਤੇ ਬਾਕੀ ਪੈਸੇ ਲਈ ਬਕਾਇਦਾ ਗਲਬਾਤ ਕਰਦੇ ਰਹਿਣ।
- ਇਕ ਫੰਡਿੰਗ ਸਮੇਂ ਵਿਚ, ਮਾਪੇ/ਗਾਰਡੀਅਨ ਮੰਨਜ਼ੂਰਸ਼ੁਦਾ ਰੇਟ/ਬਿਲਿੰਗ ਨੰਬਰ ਨਾਲ ਜੁੜੀ ਰਕਮ ਵਿਚ ਸੋਧ ਕਰਨ ਲਈ ਰਿਕਵੈਸਟ ਟੂ ਅਮੈਂਡ ਇਨਵੋਇਸ ਪੇਅਮੰਟ ਔਥਰਾਈਜ਼ੇਸ਼ਨ ਦਾ ਫਾਰਮ (RTA) ਭਰ ਕੇ *www.mcf.gov.bc.ca/autism/pdf/cf_0925a.pdf*. ਜਮਾਂ ਕਰਵਾ ਸਕਦੇ ਹਨ।
- ਨਵਾਂ RTP ਫਾਰਮ ਨਵੇਂ ਫੰਡਿਗ ਸਮੇਂ ਦੇ ਸੁਰੂ ਵਿਚ ਹੀ ਜਮਾਂ ਹੋਣਾ ਲਾਜ਼ਮੀ ਹੈ। ਫੰਡਿੰਗ ਸਮਾਂ ਆਮਤੌਰ ਤੇ ਇਕ ਸਾਲ ਦਾ ਹੁੰਦਾ ਹੈ। ਹਰ ਨਵੇਂ ਫੰਡਿੰਗ ਸਮੇਂ ਲਈ ਨਵਾਂ ਬਿਲਿੰਗ ਨੰਬਰ ਹੁੰਦਾ ਹੈ, ਜੇ ਸੇਵਾਵਾਂ ਮੰਜ਼ੂਰ ਹੋ ਜਾਣ ਤਾਂ।
- ਸੇਵਾ ਪ੍ਰਦਾਨ ਕਰਤਾ ਮਾਪਿਆਂ/ਗਾਰਡੀਅ ਔਟਿਜ਼ਮ ਫੰਡਿੰਗ ਬਰਾਂਚ ਕੋਲੋਂ ਜਮਾਂ ਕਰਾਏ ਬਿਲ ਦੀ ਨਕਲ ਲੈਣ, ਜਦੋਂ ਵੀ ਬਿਲ ਭੁਗਤਾਨ ਲਈ ਜਮਾਂ ਕਰਾਏ ਜਾਣ।
- ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਦੇਖੋ ਸਫਾ 17-19.

### ਜਾਇਜ਼ ਸਾਮਾਨ ਅਤੇ ਸਮੱਗਰੀ ਦਾ ਫਾਰਮ ਭਰਣਾ (JFE)

- ਜ਼ਰੂਰੀ ਸਾਮਾਨ ਅਤੇ ਚੀਜ਼ਾਂ ਜਿਹੜੀਆਂ ਬੱਚੇ ਦੇ ਦਖਲ ਇਲਾਜ ਲਈ ਲਾਜ਼ਮੀ ਹਨ, ਲਈ ਯੋਗ ਪੇਸ਼ਾਵਰ/ਮਾਹਿਰ ਵਲੋਂ ਅਰਜ਼ੀ ਆਉਣੀ ਚਾਹੀਦੀ ਹੈ, ਜਾਇਜ਼ ਸਮਾਨ ਅਤੇ ਸਮੱਗਰੀ ਦਾ ਫਾਰਮ (JFE) ਭਰ ਕੇ। ਇਹ ਉਪਲਬੱਧ ਹੈ: *www.mcf.gov.bc.ca/autism/pdf/cf_0908.pdf*.ਤੇ
- ਔਟਿਜ਼ਮ ਫੰਡਿੰਗ: 6 ਸਾਲ ਤੋਂ ਘੱਟ ਦੇ ਪ੍ਰੋਗਰਾਮਾਂ ਲਈ ਯੋਗ ਪੇਸ਼ਾਵਰ, ਜਿਹੜੇ JFE ਫਾਰਮ ਭਰ ਸਕਦੇ ਹਨ, ਦੇ ਵੇਰਵੇ ਲਈ ਦੇਖੋ ਸਫਾ 11
- ਔਟਿਜ਼ਮ ਫੰਡਿੰਗ: 6 ਤੋਂ 8 ਸਾਲ ਦੇ ਪ੍ਰੋਗਰਾਮਾਂ ਲਈ ਯੋਗ ਪੇਸ਼ਾਵਰ, ਜਿਹੜੇ JFE ਫਾਰਮ ਭਰ ਸਕਦੇ ਹਨ, ਦੇ ਵੇਰਵੇ ਲਈ ਦੇਖੋ ਸਫਾ 15
- JFE ਫਾਰਮ ਭਰ ਕੇ ਦਸਤਖਤ ਕਰਨ ਨਾਲ ਪੇਸ਼ਾਵਰ ਆਪਣੀ ਜ਼ਿੰਮੇਵਾਰੀ ਕਬੂਲ ਕਰਦੇ ਹਨ, ਸੁਝਾਵਿਤ ਸਾਮਾਨ ਅਤੇ ਚੀਜ਼ਾਂ ਦੀ ਵਰਤੋਂ ਕਰਕੇ ਬੱਚੇ ਦੇ ਦਖਲ ਇਲਾਜ ਦੀ ਨਿਗਰਾਨੀ ਅਤੇ ਉਸਦਾ ਮੁਲਾਂਕਣ ਕਰਕੇ।
- JFE ਨਾਲ ਇਸ ਗਲ ਦੀ ਕੋਈ ਗਰੰਟੀ ਨਹੀਂ ਕਿ ਕੋਈ ਸਾਮਾਨ ਔਟਿਜ਼ਮ ਫੰਡਿੰਗ ਲਈ ਯੋਗ ਹੈ। ਇਹ ਸੁਝਾਅ ਦਿਤਾ ਜਾਂਦਾ ਹੈ ਪਰਿਵਾਰ JFE ਮੰਜ਼ੂਰ ਹੋ ਜਾਣ ਤੋਂ ਬਾਅਦ ਹੀ ਸਾਮਾਨ ਖਰਦਿਣ। ਅਯੋਗ ਸਮਾਨ ਦੀ ਲਾਗਤ ਵਾਪਿਸ ਨਹੀਂ ਕੀਤੀ ਜਾਵੇਗੀ।
- JFE ਵਲੋਂ ਨਿਰਧਾਰਿਤ ਅਤੇ ਮੰਜ਼ੂਰਸ਼ੁਦਾ ਖਰੀਦਿਆ ਸਾਮਾਨ ਸਿਰਫ ਬੱਚੇ ਅਤੇ ਪਰਿਵਾਰ ਕੋਲ ਹੀ ਰਹੇਗਾ।

- JFE ਫਾਰਮਾਂ ਲਈ ਅਤੇ ਦਖਲ ਨਾਲ ਸਬੰਧਤ ਯੋਗ ਸਾਮਾਨ ਅਤੇ ਸਮੱਗਰੀ ਲਈ ਕ੍ਰਿਪਾ ਕਰਕੇ ਦੇਖੋ ਸਫਾ 11-15.

## *ਬਿਲ ਦੀ ਜਾਣਕਾਰੀ ਲੋੜੀਦੀਂ ਹੈ*

ਬਿਲ ਦੇ ਭੁਗਤਾਨ ਵਿਚ ਦੇਰੀ ਤੋਂ ਬੱਚਣ ਲਈ ਹੇਠਲੀ ਜਾਣਕਾਰੀ ਸਾਫ ਲਿਖ ਕੇ ਜਾਂ ਟਾਈਪ ਕਰਕੇ ਬਿਲ ਤੇ ਲਿਖੋ:

1. ਸੇਵਾ ਪ੍ਰਦਾਨ ਕਰਤਾ ਦਾ:
   - ਨਾਮ (ਪਹਿਲਾ ਤੇ ਆਖਿਰੀ)
   - ਡਾਕ ਦਾ ਪੂਰਾ ਪਤਾ
   - ਫੋਨ ਨੰਬਰ
2. ਪੇਅਮੰਟ ਲੈਣ ਵਾਲਾ (ਜੇ ਸੇਵਾ ਪ੍ਰਦਾਨ ਕਰਤਾ ਤੋਂ ਵੱਖ ਹੈ):
   - ਨਾਮ (ਪਹਿਲਾ ਤੇ ਆਖਿਰੀ)
   - ਡਾਕ ਦਾ ਪੂਰਾ ਪਤਾ
   - ਫੋਨ ਨੰਬਰ
3. ਬਿਲਿੰਗ ਨੰਬਰ
4. ਬਿਲ (ਇਨਵੌਇਸ) ਦਾ ਨੰਬਰ
   - ਬਿਲਾਂ ਤੇ ਬਿਲ ਦਾ ਨੰਬਰ ਜ਼ਰੂਰ ਹੋਣਾ ਚਾਹੀਦਾ ਹੈ, ਘੱਟ ਤੋਂ ਘੱਟ 4 ਅੰਕਾਂ ਦਾ, ਬਿਲ ਨੰਬਰ ਦੀ ਮਿਸਾਲ 'AS01' ਜਿਸਦਾ ਮਤਲਬ ਹੈ 'Adam Smith' ਬਿਲ # 01
   - ਸੇਵਾ ਪ੍ਰਦਾਨ ਕਰਤਾ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਨੰਬਰ ਲਾਉਣ ਦਾ ਵਧੀਆ ਸਿਸਟਮ ਬਣਾਉਣ ਜਿਸ ਨਾਲ ਉਹ ਹਰ ਉਸ ਕਲਾਇੰਟ ਦਾ ਸਹੀ ਰਿਕਾਰਡ ਰੱਖ ਸਕਣ, ਜਿਸ ਨਾਲ ਉਹ ਕੰਮ ਕਰ ਰਹੇ ਹੁੰਦੇ ਹਨ।
5. ਕਲਾਇੰਟ ਦਾ ਨਾਮ (ਪਹਿਲਾ ਤੇ ਆਖਿਰੀ)
6. ਇਨ੍ਹਾਂ ਗਲਾਂ ਦਾ ਸਾਫ ਵੇਰਵਾ:
   - ਸੇਵਾ ਦਾ (ਦਿਨ, ਮਹੀਨਾ ਅਤੇ ਸਾਲ)
   - ਸੇਵਾ ਦੀ ਕਿਸਮ
   - ਸੇਵਾ ਕਿੰਨੀ (ਘੰਟੇ ਜਾਂ ਦਿਨ)
   - ਰੇਟ (ਇਕ ਦਿਨ ਜਾਂ ਘੰਟੇ ਦਾ)
   - ਸੇਵਾ ਦਾ ਕੁਲ ਖਰਚਾ

ਬਿਲ ਦੀ ਉਦਾਹਰਣ ਦੇਖਣ ਲਈ, ਕ੍ਰਿਪਾ ਕਰਕੇ ਦੇਖੋ: *www.mcf.gov.bc.ca/autism/pdf/invoice_sample.pdf.*

## *ਬਿਲ ਜਮਾਂ ਕਰਵਾਉਣੇ*

- ਸਾਰੀਆਂ ਔਟਿਜ਼ਮ ਸੇਵਾਵਾਂ ਅਤੇ ਸਾਮਾਨ ਦੇ ਬਿਲ ਪਹੁੰਚਨ ਮਗਰੋਂ MCFD 30 ਕੰਮ ਦੇ ਦਿਨਾਂ ਦੇ ਅੰਦਰ ਭੁਗਤਾਨ ਕਰਨ ਲਈ ਵਚਨਬੱਧ ਹੈ, ਬਹੁਤੀ ਵਾਰ ਪੈਸੇ ਪਹਿਲਾਂ ਹੀ ਦੇ ਦਿਤੇ ਜਾਂਦੇ ਹਨ।
- ਸੇਵਾ ਪ੍ਰਦਾਨ ਕਰਤਾ ਦੇ ਪੋਰਟਲ ਰਾਹੀ (ਹੇਠਾਂ ਦੇਖੋ) ਭੁਗਤਾਨ ਛੇਤੀ ਹੋ ਜਾਂਦਾ ਹੈ; ਬਾਅਦ ਵਿਚ ਈਮੇਲ ਰਾਹੀਂ ਬਿਲ ਜਮਾਂ ਕਰਵਾਉ ਤੇ ਫੇਰ ਡਾਕ ਰਾਹੀਂ।
- ਸੇਵਾ ਪ੍ਰਦਾਨ ਕਰਤਾ ਨੂੰ ਔਟਿਜ਼ਮ ਫੰਡਿੰਗ ਬਰਾਂਚ ਕੋਲ ਜਮਾਂ ਕਰਾਏ ਸਾਰੇ ਬਿਲਾਂ ਦੀ ਅਸਲੀ ਕਾਪੀ ਮਾਪਿਆਂ/ਕਾਨੂੰਨੀ ਗਾਰਡੀਅਨ ਨੂੰ ਉਸੇ ਸਮੇਂ ਹੀ ਦੇਣੀ ਚਾਹੀਦੀ ਹੈ।
- ਜੇ ਔਟਿਜ਼ਮ ਫੰਡਿੰਗ ਬਰਾਂਚ ਕੋਲ ਬਿਲ ਪਹੁੰਚਦਾ ਹੈ ਪਰ ਉਸਦਾ ਭੁਗਤਾਨ ਨਹੀਂ ਹੋ ਸਕਦਾ ਤਾਂ ਮਾਪੇ/ਗਾਰਡੀਅਨ ਦੋਵਾਂ ਨੂੰ ਬਿਲ ਤੇ ਕਾਰਵਾਈ ਨਾਂ ਹੋਣ ਦਾ ਲਿਖਤੀ ਨੋਟਿਸ ਮਿਲ ਸਕਦਾ ਹੈ (ਬਿਲ ਭੁਗਤਾਨ ਨਾਂ ਹੋਣ ਦੇ ਸੰਭਵ ਕਾਰਣ ਜਾਨਣ ਲਈ, ਹੇਠਾਂ ਦੇਖੋ)

ਇਨਵੌਇਸ ਨੂੰ ਔਟਿਜ਼ਮ ਫੰਡਿੰਗ ਬ੍ਰਾਂਚ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ:

1. ਸੇਵਾ ਪ੍ਰਦਾਨਕਰਤਾ ਪੋਰਟਲ,
   - ਸੇਵਾ ਪ੍ਰਦਾਨਕਰਤਾ ਦੇ ਪੋਰਟਲ ਰਾਹੀਂ ਕੰਪਊਟਰ ਤੇ ਬਿਲ ਜਮਾਂ ਕਰਾਏ ਜਾ ਸਕਦੇ ਹਨ ਅਤੇ ਸੇਵਾ ਪ੍ਰਦਾਨ ਕਰਤਾ ਕਿਸੇ ਵੇਲੇ ਵੀ ਭੁਗਤਾਨ ਦੀ ਸਥਿਤੀ ਨੂੰ ਦੇਖ ਅਤੇ ਪੁਛ-ਗਿਛ ਕਰ ਸਕਦੇ ਹਨ।
   - ਸੇਵਾ ਪ੍ਰਦਾਨਕਰਤਾ ਪੋਰਟਲ ਰਾਹੀਂ ਜਮਾਂ ਕਰਵਾਏ ਬਿਲ ਆਮ ਤੌਰ ਤੇ ਤਿੰਨ ਤੋਂ ਪੰਜ ਬਿਜ਼ਨਸ ਦਿਨਾਂ ਵਿਚ ਭੁਗਤ ਜਾਂਦੇ ਹਨ।
   - ਹੋਰ ਵੇਰਵੇ ਲਈ ਕ੍ਰਿਪਾ ਨਾਲ ਦੇਖੋ: *www.mcf.gov.bc.ca/autism/pdf/afb_portal_info_sheet.pdf*
2. ਆਮ ਮੇਲ
   - ਬਿਲਾਂ ਨੂੰ ਡਾਕ ਰਾਹੀਂ ਇਸ ਪਤੇ ਤੇ ਭੇਜੋ:
     Autism Funding Branch
     PO Box 9776 STN PROV GOVT
     Victoria, BC V8W 9S5
   - ਕ੍ਰਿਪਾ ਕਰਕੇ ਨੋਟ ਕਰੋ: ਡਾਕ ਰਾਹ ਵਿਚ ਗੁਆਚ ਸਕਦੀ ਹੈ। ਹਮੇਸ਼ਾਂ ਡਾਕ ਰਾਹੀਂ ਭੇਜੇ ਕਾਗਜ਼ਾਂ ਦੀ ਕਾਪੀ ਕੋਲ ਰਖੋ।
   - ਡਾਕ ਰਾਹੀਂ ਭੇਜਣ ਨਾਲ ਸੇਵਾ ਪ੍ਰਦਾਨ ਕਰਤਾ ਦੇ ਪੋਰਟਲ ਜਾਂ ਈਮੇਲ ਨਾਲੋਂ ਸਮਾਂ ਵਾਧੂ ਲਗਦਾ ਹੈ। ਇਸ ਕਰਕੇ ਭੁਗਤਾਨ ਵਿਚ ਦੇਰੀ ਹੋ ਸਕਦੀ ਹੈ।
3. ਫੈਕਸ
   - ਬਿਲ ਫੈਕਸ ਕੀਤੇ ਜਾ ਸਕਦੇ ਹਨ AFB ਨੂੰ: (250) 356-8578 ਤੇ
   - ਕ੍ਰਿਪਾ ਕਰਕੇ ਨੋਟ ਕਰੋ: ਫੈਕਸ 100% ਭਰੋਸੇਮੰਦ ਨਹੀ ਹੁੰਦੀ ਅਤੇ ਅਕਸਰ ਲੋੜੀਂਦੀ ਜਾਣਕਾਰੀ ਸਹੀ ਨਹੀਂ ਪਹੁੰਚਦੀ। ਜੇ ਫੈਕਸ ਪੜੀ ਨਹੀਂ ਜਾਂਦੀ ਤਾਂ AFB ਵਾਲੇ ਸੇਵਾ ਪ੍ਰਦਾਨ ਕਰਤਾ ਨਾਲ ਲੋੜੀਂਦੀ ਜਾਣਕਾਰੀ ਲਈ ਸੰਪਰਕ ਨਹੀਂ ਕਰ ਸਕਦੇ।
   - ਕ੍ਰਿਪਾ ਕਰਕੇ ਸੇਵਾ ਪ੍ਰਦਾਨ ਕਰਤਾ ਪੋਰਟਲ ਜਾਂ ਈਮੇਲ ਰਾਹੀਂ ਬਿਲ ਜਮਾਂ ਕਰਵਾਉਣ ਕਿਉਂਕਿ ਫੈਕਸ ਦੀਆਂ ਪੇਚੀਦਗੀਆਂ ਕਰਕੇ ਭੁਗਤਾਨ ਵਿਚ ਦੇਰੀ ਹੋ ਸਕਦੀ ਹੈ।
4. ਈਮੇਲ
   - ਬਿਲ ਈਮੇਲ ਕੀਤੇ ਜਾ ਸਕਦੇ ਹਨ: *mcf.autismfundingunit@gov.bc.ca*
   - ਈਮੇਲ ਰਾਹੀਂ ਬਿਲ ਜਮਾ ਕਰਵਾਉਣਾ ਸਭ ਤੋਂ ਘੱਟ ਸੁਰੱਖਿਅਤ ਢੰਗ ਹੈ। ਇਹ ਸੇਵਾ ਪ੍ਰਦਾਨ ਕਰਤਾ ਦੀ ਜ਼ਿਮੇਵਾਰੀ ਹੈ ਕਿ ਉਹ ਬਿਲ ਤੇ ਲਿਖੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣ ਲਈ ਇਹ ਪੱਕਾ ਕਰਨ ਕਿ ਉਨ੍ਹਾਂ ਦੇ ਸਾਰੇ ਸਰਵਰ ਅਤੇ ਈਮੇਲ ਅਕਾਂਉਟ ਸੁਰੱਖਿਅਤ ਹਨ।

*ਬਿਲਾਂ ਦੇ ਭੁਗਤਾਨ ਨਾਂ ਹੋਣ ਦੇ ਸੰਭਵ ਕਾਰਨ:*

| **ਕਾਰਨ** | **ਇਹ ਕਿਉਂ ਹੁੰਦਾ ਹੈ?**<br>***ਸੰਭਵ ਹੱਲ*** |
|---|---|
| *ਬਿਲ ਪਹੁੰਚਿਆ ਨਹੀ* | • ਜੇ ਕਰ ਆਈ ਫੈਕਸ ਪੜੀ ਨਹੀਂ ਜਾਂਦੀ, ਤਾਂ ਵੀ AFB ਵਾਲੇ ਸੇਵਾ ਦੇਣ ਵਾਲੇ ਨਾਲ ਲੋੜੀਂਦੀ ਜਾਣਕਾਰੀ ਲੈਣ ਲਈ ਸੰਪਰਕ ਨਹੀਂ ਕਰ ਸਕਦੇ।<br>• ਕਈ ਵਾਰੀ ਡਾਕ ਰਾਹੀਂ ਭੇਜੇ ਬਿਲ AFB ਕੋਲ ਪਹੁੰਚਦੇ ਹੀ ਨਹੀਂ।<br>***ਹੱਲ:*** ਬਿਲ ਦੁਬਾਰਾ ਜਮਾਂ ਕਰਵਾਉ। ਇਹ ਪੱਕਾ ਕਰੋ ਕਿ ਸਾਰੀ ਲੋੜੀਂਦੀ ਜਾਣਕਾਰੀ ਪੜੀ ਜਾ ਸਕੇ।<br>***ਹੱਲ:*** ਸੇਵਾ ਪ੍ਰਦਾਨਕਰਤਾ ਪੋਰਟਲ ਰਾਹੀਂ ਬਿਲ ਜਮਾਂ ਕਰਾਉ (ਦੇਖੋ: www.mcf.gov.bc.ca/autism/pdf/afb_portal_info_sheet.pdf). ਇਸ ਪੋਰਟਲ ਤੋਂ ਜਮਾਂ ਹੋਏ ਬਿਲਾਂ ਦੀ ਤਸਦੀਕ ਮਿਲ ਜਾਂਦੀ ਹੈ। ਅਕਸਰ ਭੁਗਤਾਨ ਕੰਮ ਦੇ 3 ਤੋਂ 5 ਦਿਨ੍ਹਾਂ ਵਿਚ ਹੋ ਜਾਂਦਾ ਹੈ। ਤੁਸੀ ਕਿਸੇ ਵੇਲੇ ਵੀ ਇਹ ਦੇਖ ਸਕਦੇ ਹੋ ਕਿ ਬਿਲਾਂ ਦੀ ਕੀ ਸਥਿਤੀ ਹੈ। |
| *AFB ਦੇ ਕਰਮਚਾਰੀ ਬਿਲ ਨੂੰ ਸਹੀ ਬਿਲਿੰਗ ਨੰਬਰ ਨਾਲ ਮੈਚ ਨਹੀ ਕਰ ਸਕਦੇ ਜਾਂ ਲੋੜੀਂਦੀ ਹੋਰ ਜਾਣਕਾਰੀ ਨਹੀਂ ਪੜ ਸਕਦੇ।* | • ਬਿਲ ਜਾਂ ਤਾਂ ਪੜਿਆ ਨਹੀਂ ਜਾਂਦਾ ਜਾਂ ਉਸ ਤੋਂ ਅਹਿਮ ਜਾਣਕਾਰੀ ਲਾਪਤਾ ਹੁੰਦੀ ਹੈ।<br>• ਜੇ ਕਰ ਆਈ ਫੈਕਸ ਪੜੀ ਨਹੀਂ ਜਾਂਦੀ ਅਤੇ AFB ਵਾਲੇ ਸੇਵਾ ਦੇਣ ਵਾਲੇ ਨਾਲ ਲੋੜੀਂਦੀ ਜਾਣਕਾਰੀ ਲੈਣ ਵਾਸਤੇ ਸੰਪਰਕ ਨਹੀਂ ਕਰ ਸਕਦੇ।<br>• ਫੈਕਸ ਰਾਹੀਂ ਭੇਜੇ ਬਿਲ ਆਮ ਤੌਰ ਤੇ ਪੜੇ ਨਹੀਂ ਜਾਂਦੇ, ਇਸ ਕਰਕੇ ਭੁਗਤਾਏ ਨਹੀਂ ਜਾਂਦੇ।<br>***ਹੱਲ:*** ਬਿਲ ਦੁਬਾਰਾ ਜਮਾਂ ਕਰਵਾਉ, ਇਹ ਪੱਕਾ ਕਰੋ ਕਿ ਸਾਰੀ ਲੋੜੀਂਦੀ ਜਾਣਕਾਰੀ ਪੜੀ ਜਾ ਸਕੇ।<br>***ਹੱਲ:*** ਸੇਵਾ ਪ੍ਰਦਾਨਕਰਤਾ ਪੋਰਟਲ ਰਾਹੀਂ ਬਿਲ ਜਮਾਂ ਕਰਾਉ (ਦੇਖੋ: www.mcf.gov.bc.ca/autism/pdf/afb_portal_info_sheet.pdf). ਪੋਰਟਲ ਇਹ ਯਕੀਨੀ ਬਣਾਉਂਦਾ ਹੈ ਕਿ ਸਬਮਿਸ਼ਨ ਮੁਕੰਮਲ ਹੋ ਗਏ ਹਨ। ਭੁਗਤਾਨ ਅਕਸਰ ਤਿੰਨ ਤੋਂ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਤਿਆਰ ਕੀਤਾ ਜਾਂਦਾ ਹੈ ਤੁਸੀਂ ਕਿਸੇ ਵੀ ਸਮੇਂ ਇਨਵਾਇਸ ਦੀ ਸਥਿਤੀ ਦੇਖ ਸਕਦੇ ਹੋ। |
| *(RTP) ਭੁਗਤਾਨ ਬੇਨਤੀ ਫਾਰਮ ਜੇ ਨਾਂ ਜਮਾਂ, ਨਾਂ ਉਸ ਤੇ ਕੋਈ ਕਾਰਵਾਈ, ਨਾਂ ਉਹ ਮੰਜ਼ੂਰ ਹੋਇਆ ਹੋਵੇ।* | • RTP ਤੇ ਕਾਰਵਾਈ ਬਿਲਿੰਗ ਨੰਬਰ ਮਿਲਣ ਤੋਂ ਪਹਿਲਾਂ ਲਾਜ਼ਮੀ ਹੋ ਜਾਣੀ ਚਾਹੀਦੀ ਹੈ। AFB ਨੂੰ ਜਮਾਂ ਕਰਾਏ ਸਾਰੇ ਬਿਲਾਂ ਲਈ ਠੀਕ ਬਿਲਿੰਗ ਨੰਬਰ ਲਾਜ਼ਮੀ ਹੈ। ਠੀਕ ਬਿਲਿੰਗ ਨੰਬਰ ਬਗੈਰ ਪਹੁੰਚੇ ਬਿਲਾਂ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ[<br>• ਜੇ AFB ਕੋਲ ਬਿਲ ਪਹੁੰਚ ਜਾਂਦਾ ਹੈ ਪਰ ਉਸਦਾ ਭੁਗਤਾਨ ਨਹੀਂ ਹੋ ਸਕਦਾ ਤਾਂ ਮਾਪਿਆਂ/ਗਾਰਡੀਅਨਾਂ, ਸੇਵਾ ਦੇਣ ਵਾਲਿਆਂ ਨੂੰ ਲਿਖਤੀ ਨੋਟਿਸ ਆ ਸਕਦਾ ਹੈ ਕਿ ਇਸ ਬਿਲ ਦਾ ਭੁਗਤਾਨ ਨਹੀਂ ਹੋ ਸਕਦਾ।<br>***ਹੱਲ:*** ਸੇਵਾ ਦੇਣ ਵਾਲੇ ਅਤੇ ਮਾਪਿਆਂ/ਗਾਰਡੀਅਨਾਂ ਨੂੰ ਇਹ ਪੱਕਾ ਕਰ ਲੈਣਾ ਚਾਹੀਦਾ ਹੈ ਕਿ ਬਿਲ ਉੱਤੇ ਬਿਲਿੰਗ ਨੰਬਰ ਲਿਖ ਕੇ ਭੁਗਤਾਨ ਲਈ ਜਮਾਂ ਕਰਵਾਉਣ ਤੋਂ ਪਹਿਲਾਂ RTP ਫਾਰਮ ਬਿਲਿੰਗ ਨੰਬਰ ਦੇ ਨਾਲ AFB ਕੋਲ ਜਮਾਂ ਹੋ ਗਿਆ ਹੋਵੇ, ਉਸ ਤੇ ਕਾਰਵਾਈ ਹੋ ਗਈ ਹੋਵੇ ਅਤੇ ਉਹ ਮੰਜ਼ੂਰ ਹੋ ਗਿਆ ਹੋਵੇ।<br>***ਹੱਲ:*** ਸੇਵਾ ਪ੍ਰਦਾਨ ਕਰਤਾ ਪੋਰਟਲ (ਦੇਖੋ: www.mcf.gov.bc.ca/autism/pdf/afb_portal_info_sheet.pdf) ਤੇ ਤੁਸੀ ਮੰਨਜ਼ੂਰ ਹੋਏ ਬਿਲਿੰਗ ਨੰਬਰ ਦੇਖ ਸਕਦੇ ਹੋ ਜਦ ਵੀ RTPs ਅਤੇ RTAs ਤੇ AFB ਕਾਰਵਾਈ ਸ਼ੁਰੂ ਕਰਦੀ ਹੈ। ਸੇਵਾ ਦੇਣ ਵਾਲੇ ਵੀ ਮਨਜ਼ੂਰਸ਼ੁਦਾ ਬਿਲਿੰਗ ਨੰਬਰਾਂ ਦੀ ਬਕਾਇਆ ਰਕਮ ਦੇਖ ਸਕਦੇ ਹਨ। |

| ਕਾਰਨ | ਇਹ ਕਿਉਂ ਹੁੰਦਾ ਹੈ? *ਸੰਭਵ ਹੱਲ* |
|---|---|
| *ਬਿਲ RTP ਤੇ ਦੱਸੇ ਫੰਡਿੰਗ ਸਮੇਂ ਤੋਂ ਵੱਧ ਦੇ ਇਕਠੇ ਹੋ ਜਾਂਦੇ ਹਨ।* | • ਹਰ ਬੱਚੇ ਦਾ ਫੰਡਿੰਗ ਸਮਾਂ ਆਮ ਤੌਰ ਤੇ ਇਕ ਸਾਲ ਦਾ ਹੁੰਦਾ ਹੈ ਅਤੇ ਬੱਚੇ ਦੇ ਜਨਮ ਦਿਨ ਵਾਲੇ ਮਹੀਨੇ ਦੇ ਅੰਤ ਵਿਚ ਖਤਮ ਹੋ ਜਾਂਦਾ ਹੈ।<br>***ਹੱਲ:*** ਦੋ ਵੱਖਰੇ ਬਿਲ ਜਮਾਂ ਕਰਵਾਉ; ਹਰ ਲਾਗੂ ਫੰਡਿੰਗ ਸਮੇਂ ਦਾ ਲਾਗੂ ਬਿਲਿੰਗ ਨੰਬਰ ਸਮੇਤ ਇਕ ਬਿਲ ਜਮਾਂ ਕਰਵਾਉ।<br>ਜਿਵੇਂ ਕਿ: ਸੇਵਾ ਦੇਣ ਵਾਲੇ ਅਕਤੂਬਰ ਅਤੇ ਨਵੰਬਰ, 2014 ਮਹੀਨਿਆਂ ਦਾ ਇਕ ਬਿਲ ਇਕ ਬੱਚੇ, ਜਿਸ ਦਾ ਜਨਮ ਦਿਨ ਅਕਤੂਬਰ ਮਹੀਨੇ ਵਿਚ ਹੈ, ਜਮਾਂ ਕਰਵਾਉਂਦੇ ਹਨ, ਕਿਉਂਕਿ ਬੱਚੇ ਦਾ ਅਗਲਾ ਫੰਡਿੰਗ ਸਮਾਂ ਨਵੰਬਰ 1, 2014 ਤੋਂ ਸ਼ੁਰੂ ਹੁੰਦਾ ਹੈ, ਦੋ ਅਲਗ ਬਿਲ ਜਮਾਂ ਕਰਵਾਉਣੇ ਚਾਹੀਦੇ ਹਨ, ਇਕ ਅਕਤੂਬਰ ਦੀਆਂ ਮਿਤੀਆਂ ਦੀ ਸੇਵਾ ਦਾ ਅਤੇ ਇਕ ਨਵੰਬਰ ਦੀਆਂ ਮਿਤੀਆਂ ਦੀ ਸੇਵਾ ਦਾ।<br>***ਹੱਲ:*** ਸੇਵਾ ਪ੍ਰਦਾਨ ਕਰਤਾ ਪੋਰਟਲ (ਦੇਖੋ: *www.mcf.gov.bc.ca/autism/pdf/afb_portal_info_sheet.pdf*) ਤੇ ਹਰ ਬੱਚੇ ਦੇ ਉਸ ਫੰਡਿਗ ਸਮੇਂ ਦਾ ਵੇਰਵਾ ਦੇਖਿਆ ਜਾ ਸਕਦਾ ਹੈ ਜਿਸ ਵਿਚ ਉਸਨੂੰ ਸੇਵਾ ਮਿਲੀ ਹੋਵੇ। ਪੋਰਟਲ ਤੇ ਤਸਦੀਕ ਹੋ ਜਾਣ ਨਾਲ ਹਰ ਇਕ ਬਿਲ ਉੱਤੇ ਸੇਵਾਵਾਂ ਲਈਆਂ ਮਿਤੀਆਂ ਲਿਖ ਕੇ ਦੋ ਬਿਲਾਂ ਨੂੰ ਜਮਾਂ ਕਰਵਾਉਣਾ ਸੌਖਾ ਹੋ ਜਾਂਦਾ ਹੈ। |
| *ਜੇ ਸੇਵਾ ਦੇਣ ਤੋਂ 6 ਮਹੀਨੇ ਬਾਅਦ ਬਿਲ ਜਮਾਂ ਕਰਵਾਇਆ ਗਿਆ ਹੋਵੇ* | • ਸੇਵਾ ਪ੍ਰਦਾਨ ਕਰਤਾ ਲਈ ਔਟਿਜ਼ਮ ਫੰਡਿੰਗ ਬਰਾਂਚ ਨੂੰ ਸੇਵਾ ਦੇਣ ਦੀ ਮਿਤੀ ਦੇ ਛੇ ਮਹੀਨੇ ਅੰਦਰ ਬਿਲ ਜਮਾਂ ਕਰਵਾਉਣਾ ਲਾਜ਼ਮੀ ਹੈ।<br>• ਬਿਲ ਤੇ ਲਿੱਖੀ ਸੇਵਾ ਦੇਣ ਦੀ ਪਹਿਲੀ ਮਿਤੀ ਤੋਂ ਲੈ ਕੇ ਛੇ ਮਹੀਨੇ ਬਾਅਦ ਜਮਾਂ ਕਰਵਾਏ ਗਏ ਬਿਲਾਂ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ।<br>***ਹੱਲ:*** ਸੇਵਾ ਪ੍ਰਦਾਨਕਰਤਾ ਅਤੇ ਮਾਪੇ ਇਹ ਪੱਕਾ ਕਰਨ ਕਿ AFB ਕੋਲ ਸਮੇਂ ਤੇ ਬਿਲ ਪਹੁੰਚ ਜਾਣ। ਇਹ ਸੁਝਾਅ ਬੜੇ ਜੋਰ ਨਾਲ ਦਿਤਾ ਜਾਂਦਾ ਹੈ ਕਿ ਬਿਲ ਬਕਾਇਦਾ ਵਕਫੇ ਤੇ ਜਮਾਂ ਕਰਵਾਏ ਜਾਣ (ਜਿਵੇਂ ਕਿ ਹਰ ਮਹੀਨੇ) ਕੰਮ ਮੁਕਣ ਤੋਂ ਬਾਅਦ ਛੇਤੀ ਤੋਂ ਛੇਤੀ। |
| *RTP ਤੇ ਮਿੱਥੀ ਰਕਮ ਤੋਂ ਵਧ ਰਕਮ ਦਾ ਬਿਲ* | • ਜਦੋਂ ਮਾਪੇ/ਗਾਰਡੀਅਨ ਆਪਣੇ ਬੱਚੇ ਲਈ ਸੇਵਾ ਦੇਣ ਵਾਲੇ ਚੁਣ ਲੈਂਦੇ ਹਨ ਤਾਂ ਉਹ MCFD ਔਟਿਜ਼ਮ ਫੰਡਿੰਗ ਬਰਾਂਚ (AFB) ਨੂੰ ਪੈਸੇ ਦੇਣ ਦੀ ਬੇਨਤੀ ਕਰਨ ਲਈ ਸੇਵਾ ਪ੍ਰਦਾਨ ਕਰਤਾ/ਸਪਲਾਇਰ (RTP) ਫਾਰਮ ਭਰ ਕੇ ਜਮਾਂ ਕਰਵਾਉਂਦੇ ਹਨ: *www.mcf.gov.bc.ca/autism/pdf/cf_0925.pdf.*<br>• RTP ਤੇ ਲਿਖਿਆ ਹੁੰਦਾ ਹੈ ਕਿ ਵੱਧ ਤੋਂ ਵੱਧ ਕਿੰਨੇ ਪੈਸੇ ਘੰਟੇ ਜਾਂ ਰੋਜ਼ ਦੀ ਸੇਵਾ ਦੇ ਅਤੇ ਵੱਧ ਤੋਂ ਵੱਧ ਕਿੰਨੇ ਪੈਸੇ AFB ਵਾਲੇ ਸੇਵਾ ਪ੍ਰਦਾਨ ਕਰਤਾ ਨੂੰ ਉਸ ਫੰਡਿੰਗ ਸਮੇਂ ਵਿਚ ਦੇ ਸਕਦੇ ਹਨ।<br>• ਸੇਵਾ ਪ੍ਰਦਾਨ ਕਰਤਾ ਨੂੰ ਮਾਪੇ/ਗਾਰਡੀਅਨ ਨੂੰ ਔਟਿਜ਼ਮ ਫੰਡਿੰਗ ਬਰਾਂਚ ਵਿਚ ਜਮਾਂ ਕਰਵਾਉਣ ਲਗਿਆਂ ਸਾਰੇ ਬਿਲਾਂ ਦੀ ਅਸਲੀ ਕਾਪੀ ਉਸੇ ਸਮੇਂ ਦੇ ਦੇਣੀ ਚਾਹੀਦੀ ਹੈ ਤਾਕਿ ਪਰਿਵਾਰ ਵਾਲੇ ਖਰਚੇ ਦਾ ਹਿਸਾਬ ਰੱਖ ਸਕਣ।<br>***ਹੱਲ:*** ਇਹ ਸੇਵਾ ਪ੍ਰਦਾਨਕਰਤਾ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੱਕਾ ਕਰਨ ਕਿ ਉਹ ਦੋਂਵੇ ਹਰ ਫੰਡਿੰਗ ਸਮੇਂ ਦੇ ਵੱਧ ਤੋਂ ਵੱਧ ਜਾਇਜ਼ ਫੰਡ ਨੂੰ ਸਮਝਣ ਅਤੇ ਉਹ ਉਸ ਫੰਡਿੰਗ ਸਮੇਂ ਦੇ ਖਰਚੇ ਦਾ ਹਿਸਾਬ ਰੱਖਣ। ਇਹ ਸੁਝਾਅ ਜੋਰ ਦੇ ਕੇ ਦਿਤਾ ਜਾਂਦਾ ਹੈ ਕਿ ਮਾਪੇ/ਗਾਰਡੀਅਨ ਅਤੇ ਸੇਵਾ ਪ੍ਰਦਾਨਕਰਤਾ ਆਪਸ ਵਿਚ ਘੰਟਿਆਂ ਅਤੇ ਬਿਲਾਂ ਬਾਰੇ ਸੰਪਰਕ ਰੱਖਣ।<br>***ਹੱਲ:*** ਇਹ ਸੇਵਾ ਪ੍ਰਦਾਨਕਰਤਾ ਦੇ ਪੋਰਟਲ (ਦੇਖੋ: *www.mcf.gov.bc.ca/autism/pdf/afb_portal_info_sheet.pdf*) ਤੇ ਤੁਸੀ ਵੇਰਵੇ ਨਾਲ ਦੇਖ ਸਕਦੇ ਹੋ, ਹਰ ਬੱਚੇ ਨਾਲ ਸੇਵਾ ਪ੍ਰਦਾਨਕਰਤਾ ਲਈ ਮੰਜ਼ੂਰਸ਼ੁਦਾ ਰੇਟ ਅਤੇ ਬਕਾਇਆ ਰਕਮ । |

| **ਕਾਰਨ** | **ਇਹ ਕਿਉਂ ਹੁੰਦਾ ਹੈ?**<br>***ਸੰਭਵ ਹੱਲ*** |
|---|---|
| *ਬਿਲ ਭੁਗਤਾਨ ਇਸ ਕਰਕੇ ਨਹੀਂ ਹੋਇਆ ਕਿਉਂਕਿ ਦਿਤੀ ਗਈ ਸੇਵਾ ਫੰਡਿਗ ਦੇ ਯੋਗ ਨਹੀਂ ਸੀ* | • ਸਾਰੀਆਂ ਸੇਵਾਵਾਂ ਔਟਿਜ਼ਮ ਫੰਡਿੰਗ ਦੇ ਯੋਗ ਨਹੀਂ ਹੁੰਦੀਆਂ। ਕ੍ਰਿਪਾ ਕਰਕੇ ਯੋਗ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ ਸਫੇ 11-12 ਅਤੇ ਸਫੇ 14-15 ਦੇਖੋ।<br><br>***ਹੱਲ:*** ਇਹ ਪੱਕਾ ਕਰਨਾ ਮਾਪਿਆਂ/ਗਾਰਡੀਅਨ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਜਿਹੜੀਆਂ ਸੇਵਾਵਾਂ ਉਹ ਚੁਣ ਰਹੇ ਹਣ, ਉਹ ਅਤੇ RTP ਦੀ ਲਿਸਟ ਔਟਿਜ਼ਮ ਫੰਡਿੰਗ ਦੇ ਯੋਗ ਹੋਵੇ। ਜੇ ਸੇਵਾ ਦੇਣ ਵਾਲੇ ਨੂੰ ਪੱਕਾ ਨਹੀਂ ਪਤਾ ਕਿ ਉਨ੍ਹਾਂ ਦੀ ਸੇਵਾ ਯੋਗ ਹੈ ਕਿ ਨਹੀਂ ਤਾਂ ਉਨ੍ਹਾਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਮਾਪਿਆਂ ਨਾਲ ਸਿੱਧੇ ਇਸ ਬਾਰੇ ਗਲਬਾਤ ਕਰਨ। ਮਾਪੇ ਔਟਿਜ਼ਮ ਫੰਡਿੰਗ ਬਰਾਂਚ ਨਾਲ ਸੰਪਰਕ ਕਰਕੇ ਆਪਣੇ ਬੱਚੇ ਨੂੰ ਮਿਲਣ ਵਾਲੀ ਖਾਸ ਸੇਵਾ ਦੀ ਯੋਗਤਾ ਬਾਰੇ ਪਤਾ ਕਰ ਸਕਦੇ ਹਨ। |

## ਨੋਟ ਲਿਖੋ

BRITISH COLUMBIA